# Contents

1. ਸੰਖੇਪ ਜਾਣਕਾਰੀ

2. ਸਿੱਖਣ ਦੇ ਉਦੇਸ਼

3. ਵਿਸ਼ਾ ਖੇਤਰ ਬਾਰੇ ਸੰਖੇਪ ਜਾਣਕਾਰੀ

4. ਸਮਾਜਿਕ ਵਿਗਿਆਨ ਵਿੱਚ ਪਾਠਕ੍ਰਮ ਦੀਆਂ ਉਮੀਦਾਂ - ਇੱਕ ਸੰਖੇਪ ਜਾਣਕਾਰੀ

5. ਸਿਖਲਾਈ ਦੇ ਨਤੀਜਿਆਂ ਨੂੰ ਪ੍ਰਾਪਤ ਕਰਨ ਲਈ ਕਲਾਸ ਦੀਆਂ ਵਿਸ਼ੇਸ਼ ਸਿੱਖਿਆ ਸੰਬੰਧੀ ਇਕ ਸੰਖੇਪ.

6. ਟ੍ਰਾਂਜੈਕਸ਼ਨ ਲਈ ਸੋਸ਼ਲ ਸਾਇੰਸ ਵਿਚ ਉਦਾਹਰਣਾਂ

    - ਥੀਮ 1: ਗਲੋਬ- ਵਿਥਕਾਰ ਅਤੇ ਲੰਬਕਾਰ
    - ਥੀਮ 2: ਸਰੋਤ
    - ਥੀਮ 3: ਰੋਜ਼ੀ-ਰੋਟੀ

7. ਮੁਲਾਂਕਣ ਦਿਸ਼ਾ ਨਿਰਦੇਸ਼

**References**

## ਸਮਾਜਿਕ ਵਿਗਿਆਨ ਦਾ ਅਧਿਆਪਨ (ਐਲੀਮੈਂਟਰੀ ਪੱਧਰ)

### ਰੂਪ-ਰੇਖਾ

ਐਲੀਮੈਂਟਰੀ ਪੱਧਰ ਤੇ ਸਮਾਜਿਕ ਵਿਗਿਆਨ ਦਾ ਖੇਤਰ ਆਮ ਸਿੱਖਿਆ ਦਾ ਇੱਕ ਮਹੱਤਵਪੂਰਨ ਹਿੱਸਾ ਹੈ। ਇਸ ਵਿਸ਼ੇ ਵਿੱਚ ਮੁੱਖ ਰੂਪ ਨਾਲ ਸਮੇਂ, ਸਥਾਨ ਤੇ ਸੰਸਥਾਵਾਂ ਤੋਂ ਇਲਾਵਾ ਕੁਦਰਤੀ ਤੇ ਸਮਾਜਿਕ ਵਾਤਾਵਰਨ ਨਾਲ ਨਵੀਂ ਕਿਰਿਆ ਦੀ ਵਿਆਪਕ ਸਮਝ ਵੀ ਸ਼ਾਮਿਲ ਹੈ। ਸਮਾਜਿਕ ਸਿੱਖਿਆ ਪੜਾਉਣਾ, ਮਨੁੱਖ ਵਿੱਚ ਆਜ਼ਾਦੀ, ਵਿਸ਼ਵਾਸ ਅਤੇ ਵਿਭਿੰਨਤਾ ਦਾ ਆਦਰ ਕਰਨਾ ਸਿਖਾਉਣ ਦੇ ਨਾਲ ਨਾਲ ਇੱਕ ਸਿੱਖਿਆਰਥੀ ਦੇ ਸਮਾਜਿਕ ਮਸਲਿਆਂ, ਜਿਸ ਦਾ ਮਨੁੱਖ ਅਤੇ ਸਮਾਜਿਕ ਸਰੋਕਾਰਾਂ ਨਾਲ ਸਬੰਧ ਹੋਣ ਪ੍ਰਤੀ ਆਲੋਚਨਾਤਮਕ ਰਵੱਈਆ ਰੱਖਣਾ ਸਿਖਾਉਂਦਾ ਹੈ। ਇਹ ਵਿਸ਼ਾ ਹਮਦਰਦੀ, ਬਰਾਬਰੀ, ਆਜ਼ਾਦੀ, ਭਾਈਚਾਰੇ ਦੀ ਭਾਵਨਾ, ਨਿਆਂ, ਮਾਣ, ਵਿਭਿੰਨਤਾ ਦਾ ਆਦਰ ਅਤੇ ਆਪਸੀ ਸਬੰਧਾਂ ਨੂੰ ਆਪਣੇ ਵਿੱਚ ਸਮੋਈ ਬੈਠਾ ਹੈ। ਸਮਾਜਿਕ ਵਿਗਿਆਨ ਹਰ ਪੱਖ ਦੀ ਜਾਂਚ ਉਪਰੰਤ ਕਿਸੇ ਨਤੀਜੇ ਤੇ ਪਹੁੰਚਣ ਦੀ ਸਮਝ, ਵਿਸ਼ਲੇਸ਼ਣ, ਸਿਆਣਪ ਤੇ ਪ੍ਰਕਿਰਿਆ ਦੁਆਰਾ ਕਿਸੇ ਘਟਨਾ, ਗਤੀਵਿਧੀ ਜਾਂ ਤੱਥ ਤੱਕ ਪਹੁੰਚਣ ਦੇ ਆਪਣੇ ਢੰਗ ਅਪਣਾਉਂਦਾ ਹੈ। ਇਸ ਤੋਂ ਇਲਾਵਾ ਇਹ ਜਾਨਣਾ ਵੀ ਜਰੂਰੀ ਹੈ ਕਿ ਸਮਾਜਿਕ ਵਿਗਿਆਨ ਦੇ ਖੋਜ ਕਰਨ ਦੇ ਆਪਣੇ ਕੁਝ ਢੰਗ ਹਨ ਜੋ ਕਿ ਕੁਦਰਤੀ ਤੇ ਭੌਤਿਕ ਵਿਗਿਆਨ ਤੋਂ ਕੁਝ ਵਖਰੇ ਹਨ।

ਸਮਾਜਿਕ ਵਿਗਿਆਨ ਪੜ੍ਹਨਾ ਤੇ ਪੜ੍ਹਾਉਣਾ ਵਾਤਾਵਰਨ, ਸ਼ਾਂਤੀ, ਲਿੰਗ, ਅਨੁਸੂਚਿਤ ਜਾਤੀ ਤੇ ਹੋਰ ਪਛੜੀਆਂ ਸ਼੍ਰੇਣੀਆਂ ਆਦਿ ਵਿਸ਼ਿਆਂ ਨਾਲ ਸਿੱਖਿਆਰਥੀ ਨੂੰ ਸਵੈ ਵਿਸ਼ਲੇਸ਼ਣ ਕਰਨ ਰਾਹੀਂ ਜੋੜਦਾ ਹੈ। NCF 2005 ਅਤੇ NFGTSS 2005 ਸਮਾਜਿਕ ਵਿਗਿਆਨ ਦੇ ਅਧਿਆਪਨ ਵਿੱਚ ਗਿਆਨਵਾਦੀ ਬਦਲਾਵ ਦੀ ਸਿਫਾਰਿਸ਼ ਕਰਦਾ ਹੈ।

| From | To |
|---|---|
| 1. ਪਾਠ ਪੁਸਤਕ ਹੀ ਜਾਣਕਾਰੀ ਦਾ ਸਰੋਤ ਹੈ। | ਪਾਠ ਪੁਸਤਕ ਇੱਕ ਖਾਸ ਕਿਸਮ ਦੀ ਸਮਝ ਲਈ ਸਹਾਇਕ ਸਰੋਤ ਹੈ। |
| 2. ਪਾਠ ਪੁਸਤਕ ਇੱਕ ਅਜਿਹਾ ਸਰੋਤ ਹੈ ਜਿਸ ਵਿੱਚ ਬਦਲਾਅ ਸੰਭਵ ਨਹੀਂ। | ਪਾਠ ਪੁਸਤਕ ਇੱਕ ਗਤੀਮਾਨ ਸਰੋਤ ਹੈ। |
| 3. ਪਿਛੋਕੜ ਬਾਰੇ ਜਾਣਨ ਦਾ ਸਰੋਤ ਸਿਰਫ ਪਾਠ ਪੁਸਤਕ ਹੈ। | ਪਾਠ ਪੁਸਤਕ ਬਿਨ੍ਹਾਂ ਹੋਰ ਖੇਤਰਾਂ ਤੇ ਭਾਗਾਂ ਤੋਂ ਵੀ ਜਾਣਕਾਰੀ ਹਾਸਿਲ ਕੀਤੀ ਜਾਵੇ। |

ਸਮਾਜਿਕ ਵਿਗਿਆਨ ਦੀਆਂ ਗਤੀਵਿਧੀਆਂ ਸਿੱਖਿਆਰਥੀ ਦੇ ਅੰਦਰ ਉਸ ਦੇ ਵਿਚਾਰ ਨੂੰ ਪ੍ਰਗਟ ਕਰਨ ਪ੍ਰਤੀ ਉਤਸ਼ਾਹਿਤ ਕਰਨ ਦੇ ਨਾਲ-ਨਾਲ ਦੂਸਰਿਆਂ ਦੇ ਵਿਚਾਰਾਂ ਨੂੰ ਸਬਰ ਨਾਲ ਸੁਣਨ ਤੇ ਆਲੋਚਨਾਤਮਕ ਢੰਗ ਨਾਲ ਤੱਥਾਂ ਤੇ ਅਨੁਭਵ ਨੂੰ ਉਸਦੀ ਆਪਣੀ ਭਾਸ਼ਾ ਵਿੱਚ ਪ੍ਰਗਟ ਕਰਨ ਪ੍ਰਤੀ ਰੁਚੀ ਪੈਦਾ ਕਰਦਾ ਹੈ। ਇਹ ਵਿਸ਼ਾ ਸਿੱਖਿਆਰਥੀ ਨੂੰ ਵੱਖ-ਵੱਖ ਧਾਰਨਾਵਾਂ ਦੇ ਨਾਲ ਜਾਣੂ ਕਰਵਾਉਂਦਾ ਹੈ ਜਿਸ ਨਾਲ ਉਹ ਪ੍ਰਸੰਗਿਕ ਰੂਪ ਦੇ ਨਾਲ ਨਾਲ ਆਪਣੇ ਖੁਦ ਦੇ ਅਨੁਭਵਾਂ ਤੋਂ ਵੀ ਸਿੱਖਦਾ ਹੈ। ਤੁਸੀਂ ਇੱਕ ਸਹਾਇਕ ਦੇ ਤੌਰ ਤੇ ਵਿਦਿਆਰਥੀਆਂ ਨੂੰ ਵਿਚਾਰ ਵਟਾਂਦਰੇ, ਵੱਖ ਵੱਖ ਸਰੋਤਾਂ ਨੂੰ ਪੜ੍ਹਨ ਤੇ ਜਾਣਨ ਲਈ, ਵਾਦ ਵਿਵਾਦ ਲਈ ਪ੍ਰਬੰਧਨ ਕਰਨ ਵਿੱਚ ਮਦਦ ਕਰਕੇ ਸਿੱਖਣ ਲਈ ਪ੍ਰੇਰਿਤ ਕਰ ਸਕਦੇ ਹੋ। ਉਹਨਾਂ ਨੂੰ ਸਮਾਜਿਕ ਵਿਗਿਆਨ ਦੇ ਵਿਸ਼ੇ ਨਾਲ ਸਬੰਧਤ ਤਾਜ਼ਾ ਜਾਣਕਾਰੀ ਮੌਜੂਦਾ ਤਕਨੀਕ ਦੀ ਸਹਾਇਤਾ ਨਾਲ ਦੇ ਸਕਦੇ ਹੋ। ਸਿਖਿਆਰਥੀ ਦੀ ਭਾਸ਼ਾ ਵਿੱਚ ਕਿਸੇ ਵਿਸ਼ੇ ਦਾ ਸਪਸ਼ਟੀਕਰਨ ਕਰਨਾ ਇੱਕ ਮੁਸ਼ਕਿਲ ਕੰਮ ਹੈ। ਅਧਿਆਪਕ ਵੱਖ ਵੱਖ ਤਰ੍ਹਾਂ ਦੇ ਸਿੱਖਣ ਤੇ ਸਿੱਖਾਉਣ ਦੇ ਢੰਗ ਅਪਣਾ ਕੇ ਜਾਂ ਦੁਭਾਸ਼ੀ ਵਿਧੀ ਦਾ ਪ੍ਰਯੋਗ ਕਰਕੇ ਸਪਸ਼ਟ ਕਰ ਸਕਦਾ ਹੈ।

## ਸਿੱਖਣ ਦੇ ਉਦੇਸ਼

- ਸਮਾਜਿਕ ਵਿਗਿਆਨ ਦੀ ਮਹੱਤਤਾ ਨੂੰ ਲਗਾਤਾਰਤਾ ਅਤੇ ਬਦਲਾਅ ਦੇ ਤੱਥ ਨੂੰ ਸਮਝਣ ਲਈ ਜਾਣਨਾ।
- ਵਿਸ਼ੇ ਦੀ ਮਹੱਤਤਾ ਨੂੰ ਇਸ ਤਰ੍ਹਾਂ ਜਾਣਨਾ ਕਿ ਕੁਦਰਤੀ ਤੇ ਸਮਾਜਿਕ ਵਾਤਾਵਰਣ ਨੂੰ ਆਪਸ ਵਿੱਚ ਸਬੰਧਿਤ ਕੀਤਾ ਜਾ ਸਕੇ।
- ਭਾਰਤੀ ਸੰਵਿਧਾਨ ਵਿਚਲੀਆਂ ਕੀਮਤਾਂ ਜਿਵੇਂ ਨਿਆਂ, ਆਜ਼ਾਦੀ ਅਤੇ ਬਰਾਬਰਤਾ ਦੀ ਭਾਵਨਾ ਨੂੰ ਮਹੱਤਵ ਦੇਣਾ।
- ਵਰਗੀਕਰਣ ਤੇ ਵਿਸ਼ਲੇਸ਼ਣ ਕਰਨਾ ਕਿ ਘਟਨਾਵਾਂ ਦੇ ਵਾਪਰਣ, ਕਾਰਨ ਤੇ ਪ੍ਰਭਾਵ, ਕੁਦਰਤੀ ਤੇ ਸਮਾਜਿਕ ਗਤੀਵਿਧੀਆਂ ਤੇ ਸਮਾਜ ਦੇ ਵੱਖ ਖੇਤਰਾਂ ਤੇ ਪੈਣ ਵਾਲੇ ਪ੍ਰਭਾਵ ਬਾਰੇ ਸੋਚਣਾ।
- ਬਹੁਰੂਪਤਾ ਵਿੱਚ ਇੱਕਰੂਪਤਾ ਜਾਂ ਏਕਤਾ ਦੇ concept ਦੀ ਵਿਆਖਿਆ ਕਰਨਾ, ਲੋਕਤੰਤਰ, ਵਿਕਾਸ, ਆਦਿ ਵੱਖ-ਵੱਖ ਤੱਤ ਅਤੇ ਸ਼ਕਤੀਆਂ ਜੋ ਕਿ ਸਾਡੇ ਸੱਭਿਆਚਾਰ ਤੇ ਕਲਾ ਨੂੰ ਪ੍ਰਫੁਲਿੱਤ ਕਰਦੀਆਂ ਹਨ ਦਾ ਵਿਸ਼ਲੇਸ਼ਨ ਕਰਨਾ।
- ਕੁਦਰਤੀ ਤੇ ਸਮਾਜਿਕ ਤੱਥਾਂ ਨੂੰ ਸਮਝਣ ਲਈ ਵੱਖ-ਵੱਖ ਮਾਰਗਾਂ ਦੀ ਪੁਸ਼ਟੀ ਕਰਨਾ।
- ਵਿਭਿੰਨਤਾ, ਲਿੰਗ ਵਿਤਕਰਾ, CWSN ਤੇ ਪੱਛੜੇ ਵਰਗਾਂ ਪ੍ਰਤੀ ਲੋਕ ਜਾਗਰੂਕਤਾ ਤੇ ਸੰਵੇਦਨਾ ਪੈਦਾ ਕਰਨਾ ।

## ਵਿਸ਼ਾ ਖੇਤਰ ਸਬੰਧੀ ਸੰਖੇਪ ਜਾਣਕਾਰੀ

ਅੱਪਰ ਪ੍ਰਾਇਮਰੀ ਪੱਧਰ ਤੱਕ ਸਮਾਜਿਕ ਵਿਗਿਆਨ ਦੇ ਵਿਸ਼ੇ ਅਧੀਨ ਇਤਿਹਾਸ, ਭੂਗੋਲ, ਰਾਜਨੀਤੀ ਵਿਗਿਆਨ ਤੇ ਅਰਥਸ਼ਾਸਤਰ ਵਿਸ਼ੇ ਆਉਂਦੇ ਹਨ।

## ਭੂਗੋਲ

ਭੂਗੋਲ ਇਹ ਜਾਨਣ ਵਿੱਚ ਮਦਦ ਕਰਦਾ ਹੈ ਕਿ ਦੇਸ਼ ਅਤੇ ਵੱਖ-ਵੱਖ ਭਾਗ ਆਪਸ ਵਿੱਚ ਇਕ ਦੂਸਰੇ ਤੇ ਨਿਰਭਰ ਹਨ। ਅੱਪਰ ਪ੍ਰਾਇਮਰੀ ਪੱਧਰ ਤੇ ਸਿੱਖਿਆਰਥੀ ਨੂੰ ਧਰਤੀ, ਰਹਿਣ ਬਸੇਰੇ ਤੇ ਤੌਰ ਤੇ, ਮਾਨਵਵਾਦ ਅਤੇ ਦੂਸਰੀਆਂ ਜੀਵਨ ਸ਼ੈਲੀਆਂ ਨਾਲ ਜਾਣੂ ਕਰਵਾਉਣਾ ਹੈ। ਉਹਨਾਂ ਨੂੰ ਉਹਨਾਂ ਦੇ ਆਪਣੇ ਖੇਤਰ, ਰਾਜ ਅਤੇ ਦੇਸ਼ ਨੂੰ ਸੰਸਾਰਿਕ ਪੱਧਰ ਤੇ ਜਾਨਣਾ ਤੇ ਸਿੱਖਾਉਣਾ ਹੈ। ਚੱਲ ਰਹੇ ਮਸਲਿਆਂ ਜਿਵੇਂ ਕਿ ਆਰਥਿਕ ਪੱਧਰ ਤੇ ਵਿਤਕਰਾ, ਲਿੰਗ, ਪਿੱਛੜੇ ਵਰਗ, ਵਾਤਾਵਰਣ ਬਾਰੇ ਬਹੁਤ ਧਿਆਨ ਦੇਣ ਬਾਰੇ ਦੱਸਣਾ। ਵਿਦਿਆਰਥੀਆ ਨੂੰ ਸੰਸਾਰੀਕਰਨ ਦੇ ਵੱਖ-ਵੱਖ ਰੂਪਾਂ ਬਾਰੇ ਜਾਣੂ ਕਰਵਾਉਣਾ ਹੈ।

## ਇਤਿਹਾਸ

ਇਤਿਹਾਸ ਅੱਪਰ ਪ੍ਰਾਇਮਰੀ ਮੰਚ ਤੇ ਇੱਕ ਵਿਸ਼ੇ ਵਜੋਂ ਪੂਰਵ ਇਤਿਹਾਸਿਕ ਸਮਿਆਂ ਤੋਂ ਵਰਤਮਾਨ ਸਮੇਂ ਤੱਕ ਦੇ ਭਾਰਤੀ ਇਤਿਹਾਸ ਤੇ ਕੇਂਦਰਤ ਹੁੰਦਾ ਹੈ ਅਤੇ ਸਾਲ ਦਰ ਸਾਲ ਦਾ ਇਤਿਹਾਸ ਸ਼ਾਮਿਲ ਕਰਦਾ ਹੈ। ਇਸਦੇ ਵਿਆਪਕ ਉਦੇਸ਼ ਇਸ ਪ੍ਰਕਾਰ ਹਨ:

- ਇਨ੍ਹਾਂ ਇਤਿਹਾਸਕ ਸਮਿਆਂ ਦੇ ਵਿੱਚ ਹੋਏ ਕਾਰਜਾਂ ਦਾ ਆਮ ਜਿਹਾ ਅੰਦਾਜ਼ਾ ਦੇਣਾ।
- ਵਿਦਿਆਰਥੀਆਂ ਨੂੰ ਵੱਖ ਵੱਖ ਤਰ੍ਹਾਂ ਦੇ ਸਰੋਤਾਂ ਤੋਂ ਜਾਣੂ ਕਰਵਾਉਂਦੇ ਹੋਏ ਇਤਿਹਾਸਕਾਰਾਂ ਦੇ ਇਤਿਹਾਸ ਨੂੰ ਸਮਝਣ ਦੇ ਤਰੀਕਿਆਂ/ਤਰੀਕੇ ਬਾਰੇ ਵਿਚਾਰ ਦੇਣਾ ਅਤੇ ਵਿਦਿਆਰਥੀਆਂ ਨੂੰ ਉਨ੍ਹਾਂ ਬਾਰੇ ਗੰਭੀਰਤਾ ਨਾਲ ਸੋਚਣ ਲਈ ਉਤਸ਼ਾਹਿਤ ਕਰਨਾ।
- ਇੱਕ ਵਿਆਪਕ ਨਜ਼ਰੀਆ ਦਿੰਦੇ ਹੋਏ ਇਤਿਹਾਸਕ ਵਿਭਿੰਨਤਾ ਦੀ ਭਾਵਨਾ ਸਿਰਜਣਾ ਪਰੰਤੂ ਨਾਲ ਦੀ ਨਾਲ ਕਿਸੇ ਇੱਕ ਖੇਤਰ ਜਾਂ ਖਾਸ ਘਟਨਾ ਦੇ ਮਾਮਲੇ ਤੇ ਵੀ ਕੇਂਦਰਤ ਕਰਨਾ।
- ਵਿਦਿਆਰਥੀਆਂ ਨੂੰ ਟਾਈਮ ਲਾਈਨ ਅਤੇ ਇਤਿਹਾਸਕ ਨਕਸ਼ਿਆਂ ਤੋਂ ਜਾਣੂ ਕਰਵਾਉਣਾ ਤਾਂ ਕਿ ਉਹ ਇੱਕ ਖੇਤਰ ਦੀਆਂ ਘਟਨਾਵਾਂ ਨੂੰ ਦੂਜੇ ਖੇਤਰ ਦੇ ਵਿਕਾਸ ਨਾਲ ਜੋੜ ਕੇ ਦੇਖ ਸਕਣ।
- ਵਿਦਿਆਰਥੀਆਂ ਨੂੰ ਉਸ ਸਮੇਂ ਦੇ ਸਮਾਜ ਵਿੱਚ ਵਿਚਰਣ ਅਤੇ ਜੀਵਨ ਜਾਂਚ ਦੀ ਕਲਪਨਾ ਕਰਨ ਲਈ ਉਤਸ਼ਾਹਿਤ ਕਰਨਾ।

## ਸਮਾਜਿਕ ਤੇ ਰਾਜਨੀਤਿਕ ਜੀਵਨ

ਇਹ ਵਿਸ਼ਾ ਭਾਰਤੀ ਲੋਕਤੰਤਰ ਅਤੇ ਆਰਥਿਕਤਾ ਦੀ ਕਾਰਜਸ਼ੈਲੀ ਨੂੰ ਸਮਝਣ ਲਈ ਗਿਆਨ ਅਤੇ ਜ਼ਰੂਰੀ ਸਿਧਾਤਾਂ ਉੱਤੇ ਕੇਂਦਰਤ ਹੈ।ਪਾਣੀ, ਸਫਾਈ, ਸੜਕਾਂ ਆਦਿ ਜਨਤਕ ਸਹੂਲਤਾਂ ਦਾ ਪ੍ਰਬੰਧ ਕਰਨਾ ਅਤੇ ਇਨ੍ਹਾਂ ਦੀ ਉਪਲਬਤਾ ਨੂੰ ਪਹਿਚਾਣਨਾ, ਸਰਕਾਰ ਦੀ ਭੂਮਿਕਾ ਦੀ ਪਹਿਚਾਣ ਕਰਨ ਵਾਲੀਆਂ ਸੰਸਥਾਵਾਂ ਦੀ ਕਾਰਜ ਸ਼ੈਲੀ ਆਦਿ ਤੇ ਜ਼ਿਆਦਾ ਜ਼ੋਰ ਦਿੱਤਾ ਜਾਂਦਾ ਹੈ। ਸਿੱਖਿਆਰਥੀਆਂ ਤੋਂ ਉਮੀਦ ਕੀਤੀ ਜਾਂਦੀ ਹੈ ਕਿ ਉਹ ਸਮਾਜ ਦੇ ਵੱਖ ਵੱਖ ਵਰਗਾਂ ਤੇ ਅਸਰਦਾਰ ਰਾਜਨੀਤਿਕ, ਆਰਥਿਕ ਅਤੇ ਸਮਾਜਿਕ ਕਾਰਕਾਂ ਦੇ ਵਿੱਚਕਾਰ ਇੱਕ ਸਬੰਧ ਬਣਾ ਕੇ ਸਮਝ ਸਕਣ। ਪ੍ਰਮੁੱਖ ਉਦੇਸ਼ ਸਿਖਿਆਰਥੀਆਂ ਨੂੰ ਭਾਰਤੀ ਸੰਵਿਧਾਨ, ਲੋਕਤੰਤਰ ਦੀ ਕਾਰਜਸ਼ੈਲੀ ਅਤੇ ਇਸ ਦੀਆਂ ਸੰਸਥਾਵਾਂ ਦੇ ਆਦਰਸ਼ਾਂ ਨੂੰ ਗ੍ਰਹਿਣ ਕਰਨ ਲਈ ਉਤਸ਼ਾਹਿਤ ਕਰਨਾ ਹੈ।

## ਸਮਾਜਿਕ ਵਿਗਿਆਨ ਵਿੱਚ ਪਾਠਕਰਮ ਦੀ ਸੰਖੇਪ ਜਾਣਕਾਰੀ

ਅੱਪਰ ਪ੍ਰਾਇਮਰੀ ਪਾਸ ਕਰਨ ਤੋਂ ਬਾਅਦ ਸਮਾਜਿਕ ਵਿਗਿਆਨ ਪੜਨ੍ਹਾ ਤੇ ਸਿੱਖਣਾ ਸਿਖਿਆਰਥਆਂ ਨੂੰ ਗਿਆਨ, ਹੁਨਰ ਅਤੇ ਹੇਠ ਲਿਖੀਆਂ ਪਾਠ ਕ੍ਰਮ ਦੀਆਂ ਉਮੀਦਾਂ ਨੂੰ ਪੂਰਾ ਕਰਨ ਦੇ ਯੋਗ ਬਣਾਏਗਾ:

- ਉਨ੍ਹਾਂ ਢੰਗਾਂ ਨੂੰ ਪਹਿਚਾਣਨਾ/ਸਮਝਣਾ ਜਿਨ੍ਹਾਂ ਰਾਹੀਂ ਸਮਾਜਿਕ, ਆਰਥਿਕ ਅਤੇ ਰਾਜਨੀਤਿਕ ਮਸਲੇ ਜੋ ਉਨ੍ਹਾਂ ਦੇ ਜੀਵਨ ਨੂੰ ਪ੍ਰਭਾਵਿਤ ਕਰਦੇ ਹਨ।
- ਧਰਤੀ ਨੂੰ ਮਨੁੱਖ ਅਤੇ ਜੀਵ ਜੰਤੂਆਂ ਦੇ ਨਿਵਾਸ ਸਥਾਨ ਵਜੋਂ ਸਮਝਣਾ ਅਤੇ ਵਿਅਕਤੀਗਤ ਇਲਾਕੇ ਤੋਂ ਜਾਣੂ ਹੋਣਾ ਅਤੇ ਵੱਖ ਵੱਖ ਖੇਤਰਾਂ ਦੀ ਅੰਤਰ ਨਿਰਭਰਤਾ ਦਾ ਅਹਿਸਾਸ ਕਰਨਾ।
- ਸਰੋਤਾਂ ਦੀ ਸਥਾਨਿਕ ਵੰਡ ਅਤੇ ਬੱਚਤ ਨੂੰ ਸਮਝਣਾ।
- ਭਾਰਤੀ ਇਤਿਹਾਸ ਦੇ ਵੱਖ ਵੱਖ ਸਮਿਆਂ ਵਿੱਚ ਇਤਿਹਾਸਿਕ ਵਿਕਾਸਾਂ/ਘਟਨਾਵਾਂ ਨੂੰ ਸਮਝਣਾ।
- ਗਹਿਰਾਈ ਨਾਲ ਸਮਝਣਾ ਕਿ ਕਿਵੇਂ ਇਤਿਹਾਸਕਾਰ ਵਿਭਿੰਨ ਕਿਸਮਾਂ ਦੇ ਸਰੋਤਾਂ ਨੂੰ ਵਰਤ ਕੇ ਅਤੀਤ ਦੀਆਂ ਘਟਨਾਵਾਂ ਦਾ ਅਧਿਐਨ ਕਰਦਾ ਹੈ।

ਨੈਸ਼ਨਲ ਸਿੱਖਣ ਨਤੀਜੇ 2017 ਜੋ ਕਿ ਲਰਨਿੰਗ ਆਊਟਕਮ ਤੇ ਅਧਾਰਿਤ ਸੀ, ਰਾਸ਼ਟਰੀ ਪੱਧਰ ਤੇ ਸਮਾਜਿਕ ਵਿਗਿਆਨ ਦੇ ਸਹੀ ਜਵਾਬ (ਔਸਤ ਦੇ ਅਧਾਰ ਤੇ) ਦੀ ਪ੍ਰਤੀਸ਼ਤਤਾ ਹੇਠ ਲਿਖੇ ਅਨੁਸਾਰ ਸੀ:

ਕਲਾਸ ਅੱਠਵੀਂ- 44%

ਕੀ ਸਾਨੂੰ ਰਾਜ ਅਤੇ ਜ਼ਿਲ੍ਹੇ ਦੀ ਪ੍ਰਤੀਸ਼ਤਤਾ ਬਾਰੇ ਪਤਾ ਹੈ?

http://www.ncert.nic.in/programmes/NAS/SRC.html ਤੇ ਇਸ ਬਾਰੇ ਜਾਣਕਾਰੀ ਉੱਪਲੱਬਧ ਹੈ।

ਸਮਾਜਿਕ ਵਿਗਿਆਨ ਦੇ ਸਿੱਖਣ ਦੇ ਨਤੀਜੇ ਕਿਸ ਤਰ੍ਹਾਂ ਵਧੀਆ ਹੋ ਸਕਦੇ ਹਨ, ਇਸ ਬਾਰੇ ਸਾਨੂੰ ਸੋਚਣ ਦੀ ਜ਼ਰੂਰਤ ਹੈ।

- ਇੱਕ ਖੇਤਰ ਦੇ ਵਿਕਾਸ ਕਾਰਜਾਂ ਨੂੰ ਦੂਸਰੇ ਖੇਤਰ ਨਾਲ ਸਬੰਧ ਜੋੜ ਕੇ ਇਤਿਹਾਸਕ ਵਿਭਿੰਨਤਾ ਨੂੰ ਸਮਝਣਾ।
- ਭਾਰਤੀ ਸੰਵਿਧਾਨ ਦੀ ਮਹੱਤਤਾ ਅਤੇ ਰੋਜ਼ਾਨਾ ਜ਼ਿੰਦਗੀ ਵਿੱਚ ਉਸਦੀ ਸਾਰਥਕਤਾ ਨੂੰ ਗ੍ਰਹਿਣ ਕਰਨਾ।
- ਭਾਰਤੀ ਲੋਕਤੰਤਰ ਦੀ ਕਾਰਜ ਪ੍ਰਣਾਲੀ, ਇਸ ਦੀਆਂ ਸੰਸਥਾਵਾਂ ਅਤੇ ਸਥਾਨਕ ਰਾਜ ਅਤੇ ਕੇਂਦਰ ਪੱਧਰ ਤੇ ਇਸ ਦੀਆਂ ਪ੍ਰਕਿਰਿਆਵਾਂ ਨੂੰ ਸਮਝਣਾ।
- ਸੰਸਥਾਵਾਂ ਜਿਵੇਂ ਕਿ ਪਰਿਵਾਰ, ਬਾਜ਼ਾਰ ਅਤੇ ਸਰਕਾਰ ਦੀਆਂ ਸਮਾਜਿਕ-ਆਰਥਿਕ ਭੂਮਿਕਾਵਾਂ ਤੋਂ ਜਾਣੂ ਹੋਣਾ।
- ਸਮਾਜ ਦੇ ਅਲਗ ਅਲਗ ਵਰਗਾਂ ਦਾ ਰਾਜਨੀਤਿਕ, ਸਮਾਜਿਕ, ਸਭਿਆਚਾਰਕ ਅਤੇ ਵਾਤਾਵਰਨ ਨਾਲ ਸਬੰਧਤ ਪ੍ਰਕਿਰਿਆਵਾਂ ਵਿੱਚ ਯੋਗਦਾਨ ਨੂੰ ਸਵੀਕਾਰ ਕਰਨਾ।
- ਇਤਿਹਾਸ, ਭੂਗੋਲ, ਅਰਥ-ਸ਼ਾਸਤਰ, ਰਾਜਨੀਤਿਕ ਵਿਗਿਆਨ ਦੀ ਪਰਿਪੇਖੀ ਕਰਨ ਲਈ ਵਿਭਿੰਨ ਤੱਥਾਂ ਜਿਵੇਂ ਕਿ ਕੁਦਰਤੀ ਆਪਦਾ, ਖੇਤੀਬਾੜੀ ਅਤੇ ਉਪਜੀਵਿਕਾ ਦਾ ਵਿਸ਼ਲੇਸ਼ਣ ਕਰਨਾ।

## ਸਿੱਖਣ ਨਤੀਜੇ ਪ੍ਰਾਪਤੀ ਲਈ ਜਮਾਤ ਅਧਿਆਪਨ ਦਾ ਸੰਖੇਪ

ਹੇਠ ਲਿਖੀਆਂ ਕਰਿਆਵਾਂ ਤੁਸੀਂ ਤਿਆਰ ਕਰ ਸਕਦੇ ਹੋ। ਇਹ ਕਿਰਿਆਵਾਂ ਸਿੱਖਿਆਰਥੀਆਂ ਨੂੰ ਜੋੜਿਆਂ ਅਤੇ ਸਮੂਹ ਵਿੱਚ ਵਿਅਕਤੀਗਤ ਪ੍ਰਸੰਗ ਵਿੱਚ ਕੰਮ ਕਰਨ ਦੇ ਮੌਕੇ ਦੇ ਸਕਦੀਆਂ ਹਨ।

| ਜਮਾਤ ਸੁਝਾਵਤ ਅਧਿਆਪਨ ਪਰਕਿਰਿਆ | ਸਿੱਖਣ ਨਤੀਜੇ |
|---|---|
| VI ਧਰਤੀ ਦੀਆਂ ਗਤੀਆਂ ਨੂੰ ਸਮਝਣ ਲਈ ਚਿੱਤਰ, ਮਾਡਲ ਅਤੇ ਆਡੀਓ-ਵੀਡੀਓ ਸਮਗਰੀ ਦੀ ਵਰਤੋਂ ਕਰਨਾ।<br>• ਖਗੋਲ ਵਰਤਾਰੇ ਨੂੰ ਸਮਝਣ ਲਈ ਤਾਰਿਆਂ, ਗ੍ਰਹਿਾਂ, ਉਪ-ਗ੍ਰਹਿਾਂ (ਚੰਦਰਮਾ), ਗ੍ਰਹਿਣ ਨੂੰ ਮਾਪੇ/ਅਧਿਆਪਕ/ਸਿਆਣੇ ਦੀ ਨਿਗਰਾਨੀ ਵਿੱਚ ਵਾਚਣਾ।<br>• ਇਤਿਹਾਸਕਾਰਾਂ ਨੇ ਕਿਵੇਂ ਪੁਰਾਤਨ ਭਾਰਤ ਦੇ ਇਤਿਹਾਸ ਨੂੰ ਸਮਾਂਬੱਧ ਕੀਤਾ ਸਮਝਣ ਲਈ ਚਿੱਤਰਾਂ, ਪੜ੍ਹਨ ਦੇ ਹੋਰ ਸਰੋਤਾਂ ਦੀ ਵਰਤੋਂ ਕਰਨਾ।<br>• ਨਕਸ਼ੇ ਸਬੰਧੀ ਗਤੀਵਿਧੀਆਂ-ਜਰੂਰੀ ਸਥਾਨਾਂ, ਸ਼ਿਕਾਰੀਆਂ ਦੇ ਸਥਾਨ, ਅਨਾਜ ਉਤਪਾਦਕ, ਹੜੱਪਾ ਸੱਭਿਅਤਾ, ਜਨਪਦ, ਮਹਾਂਜਨਪਦ, ਰਾਜ, ਬੁੱਧ ਤੇ ਮਹਾਂਵੀਰਾਂ ਦੇ ਜੀਵਨ ਨਾਲ ਸਬੰਧਤ ਸਥਾਨ, ਕਲਾ ਤੇ ਨਿਰਮਾਣ ਕਲਾ ਦੇ ਕੇਂਦਰ, ਭਾਰਤ ਤੋਂ ਬਾਹਰ ਦੇ ਖੇਤਰ ਜਿਨ੍ਹਾਂ ਨਾਲ ਭਾਰਤ ਦਾ ਸਬੰਧ ਹੈ ਨੂੰ ਨਕਸ਼ੇ ਤੇ ਲੱਭਣਾ।<br>• ਭਿੰਨਤਾ, ਭੇਦ-ਭਾਵ, ਸਰਕਾਰ ਅਤੇ ਰਹਿਣ-ਸਹਿਣ ਦੀਆਂ ਧਾਰਨਾਵਾਂ ਦੀ ਵਿਚਾਰ ਚਰਚਾ ਵਿੱਚ ਭਾਗ ਲੈਣਾ ।<br>• ਪਰਿਵਾਰ, ਸਕੂਲ ਅਤੇ ਸਮਾਜ ਆਦਿ ਵਿੱਚ ਮਿਲ ਰਹੇ ਚੰਗੇ ਮਾੜੇ ਵਿਵਹਾਰ ਦੀਆਂ ਉਦਾਹਰਨਾਂ ਦੀ ਘੋਖਣਾ ਕਰਨੀ। | ਨਕਸ਼ੇ ਉੱਪਰ ਅਕਸ਼ਾਸ਼ਾਂ, ਦਿਸ਼ਾਂਤਰਾਂ ਜਿਵੇਂ ਕਿ ਧਰੁਵਾਂ, ਭੂ-ਮੱਧ ਰੇਖਾ, ਰਾਜਾਂ, ਕੇਂਦਰ ਸ਼ਾਸਿਤ ਪ੍ਰਦੇਸ਼ਾਂ ਅਤੇ ਹੋਰ ਗੁਆਂਢੀ ਦੇਸ਼ਾਂ ਨੂੰ ਪਹਿਚਾਣਦਾ ਹੈ।<br>• ਪਰੰਪਰਾਗਤ ਚਿੰਨ੍ਹਾਂ ਦੀ ਵਰਤੋਂ ਕਰਦੇ ਹੋਏ ਪੈਮਾਨਾ, ਦਿਸ਼ਾ ਤੇ ਹੋਰ ਪੱਖ ਦਿਖਾਂਉਦੇ ਹੋਏ ਗੁਆਂਢ ਦੇ ਨਕਸ਼ੇ ਬਣਾਉਂਦਾ ਹੈ।<br>• ਵੱਖ ਵੱਖ ਕਿਸਮਾਂ ਦੇ ਸਰੋਤਾਂ (ਪੁਰਾਤੱਤਵ, ਸਾਹਿਤਕ, ਆਦਿ) ਦੀ ਪਛਾਣ ਕਰਦੇ ਹੋਏ ਅਤੇ ਇਤਿਹਾਸ ਦੇ ਸਬੰਧਤ ਸਮੇਂ ਦੇ ਨਿਰਮਾਣ ਵਿੱਚ ਉਸਦੀ ਵਰਤੋਂ ਨੂੰ ਸਮਝਦਾ ਹੈ।<br>• ਭਾਰਤ ਦੇ ਨਕਸ਼ੇ ਤੇ ਮਹੱਤਵਪੂਰਣ ਇਤਿਹਾਸਕ ਕੇਂਦਰਾਂ ਤੇ ਸਥਾਨਾਂ ਨੂੰ ਲੱਭਦਾ ਹੈ।<br>• ਭੇਦ-ਭਾਵ ਦੀਆਂ ਵੱਖ-ਵੱਖ ਕਿਸਮਾਂ ਨੂੰ ਪਹਿਚਣਨਾ ਅਤੇ ਭੇਦ-ਭਾਵ ਦੇ ਸੁਭਾਵ ਅਤੇ ਸੋਮਿਆਂ ਨੂੰ ਸਮਝਣਾ।<br>• ਸਮਾਨਤਾ ਅਤੇ ਅਸਮਾਨਤਾ ਦੀਆ ਵੱਖ-ਵੱਖ ਕਿਸਮਾਂ ਨੂੰ ਵਧੀਆ ਢੰਗ ਨਾਲ ਨਿਪਟਨ ਲਈ ਉਨਾਂ ਵਿੱਚ ਅੰਤਰ ਕਰਨਾ। |

| | |
|---|---|
| VII<br><br>• ਇਤਿਹਾਸਿਕ ਸਥਾਨਾਂ, ਰਾਜਵੰਸ਼ਾਂ, ਖੇਤਰੀ ਮੌਸਮਾਂ ਅਤੇ ਹੋਰ ਸਾਧਨਾਂ ਨੂੰ ਪਹਿਚਾਨਣ ਲਈ ਗਲੋਬ ਅਤੇ ਨਕਸ਼ਿਆਂ ਨੂੰ ਜਾਣਨਾ ।<br>• ਧਰਤੀ ਦੀ ਅੰਦਰੂਨਿਤਾ, ਧਰਾਤਲ ਦੇ ਵੱਖ-ਵੱਖ ਭਾਗਾਂ ਨੂੰ ਬਣਾਉਣ ਲਈ, ਸਮੁੰਦਰ ਵਿੱਚ ਪਾਣੀ ਦੀ ਹਲਚਲ ਨੂੰ ਸਮਝਣ ਲਈ ਚਿੱਤਰਾਂ, ਮਾਡਲਾਂ, ਸੁਨਣ/ਦੇਖਣ ਵਾਲੀ ਸਮੱਗਰੀ ਦੀ ਵਰਤੋਂ ਕਰਨਾ।<br>• ਸਮੇਂ ਨੂੰ ਸਮਝਣ ਲਈ ਕਿਤਾਬਾਂ, ਸਥਾਨਕ ਵਾਤਾਵਰਨ ਵਿੱਚ ਸਾਮਿਲ ਇਤਿਹਾਸ ਦੇ ਵੱਖ-ਵੱਖ ਸੋਮੇ ਜਿਵੇਂ ਕਿ ਹੱਥ ਲਿਖਤ ਦਾ ਨਿਚੋੜ, ਨਕਸ਼ੇ, ਉਦਾਹਰਨਾਂ, ਚਿੱਤਰਕਲਾ, ਇਤਿਹਾਸਿਕ ਯਾਦਗਾਰਾਂ, ਫਿਲਮਾਂ, ਜੀਵਨੀ ਅਧਾਰਿਤ ਨਾਟਕ ਛੋਟੇ ਨਾਟਕ ਅਤੇ ਨਾਟਕਾਂ ਨੂੰ ਜਾਨਣਾਂ ਅਤੇ ਉਨਾਂ ਦੀ ਵਿਆਖਿਆ ਕਰਨੀ।<br>• ਹੋਂਦ ਵਿੱਚ ਆਏ ਨਵੇਂ ਵੰਸ਼ਾਂ ਤੋਂ ਜਾਣੂ ਹੋਣਾ ਅਤੇ ਇਸ ਸਮੇਂ ਦੋਰਾਨ ਹੋਏ ਮਹੱਤਵਪੂਰਨ ਵਿਕਾਸ ਉਤੇ ਸਮਾਂ ਸਾਰਨੀ ਤਿਆਰ ਕਰਨੀ ।<br>• ਸਹਿਰਾਂ ਅਤੇ ਪਿੰਡਾਂ ਦੀਆਂ ਔਰਤਾਂ ਤੇ ਕੁੜੀਆਂ ਦੀ ਰਹਿਣ-ਸਹਿਣ ਨੂੰ ਵਰਨਵਿਕ ਅਤੇ ਅਲੋਚਨਾਤਿਮਕ ਲੇਖ ਰਾਂਹੀ ਵਿਚਾਰਾਂ ਨੂੰ ਜ਼ਾਹਿਰ ਕਰਨਾ ।<br>• ਸਮਾਜ ਦੀ ਬਿਹਤਰੀ ਲਈ ਕੰਮ ਕਰਨ ਵਾਲੀਆਂ ਔਰਤਾਂ ਤੇ ਲਿਖਤੀ ਪੇਸ਼ਕਾਰੀ ਬਣਾਉਣਾ, ਲੇਖ ਰਚਨਾ, ਤੱਤ ਇਕੱਠੇ ਕਰਨਾ। | VII<br><br>• ਵਾਤਾਵਰਨ ਦੇ ਵੱਖ-ਵੱਖ ਤੱਤਾਂ ਅਤੇ ਉਨਾਂ ਦੇ ਆਪਸੀ ਸਬੰਧ ਦਾ ਵਰਣਨ ਕਰਨਾ।<br>• ਆਲੇ ਦੁਆਲੇ ਵਿੱਚ ਪ੍ਰਦੂਸ਼ਨ ਪੈਦਾ ਕਰਨ ਵਾਲੇ ਤੱਤਾਂ ਅਤੇ ਉਨ੍ਹਾਂ ਨੂੰ ਰੋਕਣ ਵਾਲੇ ਤਰੀਕਿਆਂ ਦੀ ਸੂਚੀ ਦਾ ਵਿਸ਼ਲੇਸ਼ਣ ਕਰਨਾ ।<br>• ਇਤਿਹਾਸ ਦੇ ਵੱਖ-ਵੱਖ ਕਾਲਾਂ ਨੂੰ ਪੜ੍ਹਨ ਲਈ ਵਰਤੇ ਜਾਣ ਵਾਲੇ ਸੋਮਿਆਂ ਦੀਆਂ ਉਦਾਹਰਨਾਂ ਪ੍ਰਦਾਨ ਕਰਨੀਆਂ।<br>• ਮੱਧ ਕਾਲੀਨ ਕਾਲ ਦੌਰਾਨ ਇਕ ਜਗ੍ਹਾ ਤੋਂ ਦੂਸਰੀ ਜਗ੍ਹਾ ਤੇ ਹੋ ਰਹੇ ਇਤਿਹਾਸਿਕ ਵਿਕਾਸ ਨੂੰ ਆਪਸ ਵਿੱਚ ਜੋੜਨਾ।<br>• ਭਾਰਤ ਦੇ ਵੱਖ-ਵੱਖ ਹਿੱਸਿਆਂ (ਵੱਖ-ਵੱਖ ਪ੍ਰਾਪਤੀਆਂ ਕਰਨ ਵਾਲੀਆਂ ਔਰਤਾਂ ਨੂੰ ਜਾਨਣਾ)<br>• ਵੱਖ-ਵੱਖ ਖੇਤਰਾਂ ਵਿੱਚ ਭਾਗੀਦਾਰੀ ਕਰ ਰਹੀਆਂ ਔਰਤਾਂ ਦਾ ਸਹੀ ਉਦਾਹਰਨਾਂ ਰਾਂਹੀ ਸਪੱਸਟੀਕਰਨ ਕਰਨਾ। |
| VIII<br><br>• ਗੁਆਂਢ, ਜ਼ਿਲ੍ਹਾ, ਰਾਜ ਵਿੱਚ ਕੀਤੀਆਂ ਜਾਣ ਵਾਲੀਆਂ ਵੱਖ-ਵੱਖ ਕਿਸਾਨੀ ਅਭਿਆਸਾਂ ਨੂੰ ਜਾਣਨਾ ਅਤੇ ਕਿਸਾਨਾਂ ਨਾਲ ਤਾਲਮੇਲ ਕਰਨਾ ।<br>• ਦੂਜੇ ਰਾਜਾਂ/ਦੇਸ਼ਾਂ ਦੇ ਵੱਖ-ਵੱਖ ਖੇਤੀਬਾੜੀ ਅਭਿਆਸਾਂ, ਕੁਦਰਤੀ ਸੋਮਿਆ ਦੀ ਉਪਲੱਬਤਾ ਤੇ ਉਨਾਂ ਨੂੰ ਬਚਾਉਣ ਲਈ ਜਾਣੂ ਹੋਣ ਲਈ ਤਸਵੀਰਾਂ, ਖਬਰਾਂ ਦੀ ਕਲਿਪਿੰਗ ਅਤੇ ਵੀਡਿਉ ਦੀ ਵਰਤੋਂ | VIII<br><br>• ਜੰਗਲੀ ਅੱਗ, ਭੂ-ਖਲਣ ਅਤੇ ਉਦਯੋਗੀ ਆਫਤਾਂ ਦੇ ਕਾਰਨ, ਉਨਾਂ ਨੂੰ ਘੱਟ ਕਰਨ ਦੇ ਢੰਗਾਂ ਬਾਰੇ ਦੱਸੋ।<br>• ਸੰਸਾਰ ਦੇ ਨਕਸ਼ੇ ਉਪਰ ਮਹੱਤਵਪੂਰਨ ਖਣਿਜ ਪਦਾਰਥਾਂ ਦੀ ਵੰਡ ਨੂੰ ਦਸਾਉਣਾ, ਉਦਾਹਰਨ ਦੇ ਤੌਰ ਤੇ ਕੋਲਾ ਤੇ ਖਣਿਜ ਤੇਲ। |

| | |
|---|---|
| ਕਰਨਾ।<br>• ਵੱਖ-ਵੱਖ ਮੁੱਦੇ ਅਤੇ ਸਮਾਗਮਾਂ ਤੇ ਪ੍ਰਸ਼ਨ ਖੜ੍ਹਾ ਕਰਨਾ ਜਿਵੇਂ ਅੰਗਰੇਜੀ ਈਸਟ ਇੰਡੀਆ ਕੰਪਨੀ ਨੇ ਇਹ ਕਿਉਂ ਮਹਿਸੂਸ ਕੀਤਾ ਕਿ ਭਾਰਤੀ ਸ਼ਾਸਕਾਂ ਦੇ ਨਾਲ ਕੰਪਨੀ ਨੂੰ ਵੀ ਸਾਮਿਲ ਕੀਤਾ ਜਾਵੇ।<br>• ਇਤਿਹਾਸਿਕ ਸਥਾਨਾਂ ਖ਼ਾਸ ਤੌਰ ਤੇ ਜੋ ਬਸਤੀਵਾਦ ਪ੍ਰੰਬਧ ਅਤੇ ਭਾਰਤੀ ਰਾਸਟਰੀ ਅੰਦੋਲਨ ਦੇ ਕੇਂਦਰ ਸਨ, ਦੀ ਯਾਤਰਾ ਕਰਵਾਈ ਜਾਵੇ।<br>• ਪਹਿਲੀ ਸੂਚਨਾ ਰਿਪੋਰਟ ਬਾਰੇ ਘੋਖ਼ਿਆ ਜਾਵੇ, ਅਖਬਾਰ ਦੀ ਖਬਰਾਂ।<br>• ਮੁਕੱਦਮੇਬਾਜਾਂ ਨੂੰ ਨਿਆਂ ਦੇਣ ਵਿੱਚ ਜੱਜਾਂ ਦੀ ਭੂਮਿਕਾ ਬਾਰੇ ਆਪਣੇ ਵਿਚਾਰ ਵਰਣਨਯੋਗ ਅਤੇ ਅਲੋਚਨਾਤਮਕ ਲਿਖ਼ਤਾਂ ਦੁਆਰਾ ਪ੍ਰਗਟ ਕਰਨਾ। ਮਾਣਯੋਗ ਅਦਾਲਤਾਂ ਦੁਆਰਾ ਕੀਤੇ ਕੁਝ ਫੈਸਲਿਆਂ ਨੂੰ ਜਮਾਤ ਵਿੱਚ ਪੜਨਾ/ਵਿਸ਼ਲੇਸ਼ਣ ਕਰਨਾ। | • ਅੰਗਰੇਜ਼ੀ ਈਸਟ ਇੰਡੀਆ ਕੰਪਨੀ ਦੁਨੀਆ ਦੀ ਕਿਵੇਂ ਸਰਵਸ੍ਰੇਸ਼ਟ ਕੰਪਨੀ ਬਣੀ, ਵਿਸਥਾਰ ਨਾਲ ਦੱਸੋ।<br>• ਦੇਸ਼ ਦੇ ਵੱਖ ਵੱਖ ਖ਼ਿੱਤਿਆਂ ਵਿੱਚ ਲਾਗੂ ਬਸਤੀਵਾਦ ਖ਼ੇਤੀ ਨੀਤੀਆਂ ਦੇ ਪ੍ਰਭਾਵ ਦਾ ਵਰਣਨ ਕਰਨਾ ਜਿਵੇਂ 'ਨੀਲ ਵਿਦਰੋਹ'।<br>• ਕਾਨੂੰਨ ਬਣਾਉਣ ਦੀ ਪ੍ਰੀਕ੍ਰਿਆ ਦਾ ਵਰਣਨ ਕਰਨਾ। (ਜਿਵੇਂ ਘਰੇਲੂ ਹਿੰਸਾ ਕਾਨੂੰਨ, RTI ਕਾਨੂੰਨ, RTE ਕਾਨੂੰਨ)<br>• ਕੁੱਝ ਮਹੱਤਵਪੂਰਨ ਕੇਸਾਂ ਦੀ ਸਹਾਇਤਾ ਨਾਲ ਭਾਰਤੀ ਕਾਨੂੰਨ ਵਿਵਸਥਾ ਦੇ ਕੰਮਾਂ ਦਾ ਵਰਣਨ ਕਰਨਾ। |

## ਸਮਾਜਿਕ ਵਿਗਿਆਨ ਵਿੱਚ ਲਾਗੂ ਕਰਨ ਸਬੰਧੀ ਉਦਾਹਰਨਾਂ

## ਥੀਮ, ਗਲੋਬ: ਅਕਸ਼ਾਸ਼ ਅਤੇ ਦੇਸ਼ਾਂਤਰ

## ਮਡਿਊਲ ਦੀ ਸਮੱਗਰੀ ਦੀ ਰੂਪਰੇਖਾ

ਇਹ ਮਡਿਊਲ ਛੇਵੀਂ ਜਮਾਤ ਵਿੱਚ ਪੜ੍ਹਾਏ ਜਾਣ ਵਾਲੇ ਵਿਸ਼ਿਆਂ ਨਾਲ ਸਬੰਧਤ ਸਿੱਖਣ ਉਦੇਸ਼ਾਂ (ਲਰਨਿੰਗ ਆਊਟਕਮਜ਼) ਉੱਤੇ ਅਧਾਰਿਤ ਹੈ। ਇਹ ਅਕਸ਼ਾਂਸ਼ ਅਤੇ ਦੇਸ਼ਾਂਤਰਾਂ ਬਾਰੇ ਸਿੱਖਣ ਦੇ ਲਈ ਕਿਰਿਆਤਮਕ ਅਤੇ ਭਾਗੀਦਾਰੀ ਅਧਾਰਿਤ ਵਿਦਿਆਰਥੀ ਕੇਂਦਰਿਤ ਪਹੁੰਚ 'ਤੇ ਜ਼ੋਰ ਦਿੰਦਾ ਹੈ। ਇਸ ਮਡਿਊਲ ਵਿੱਚ ਅੰਦਰ ਖਾਤੇ ਲਗਾਤਾਰ ਮੁਲਾਂਕਣ ਵੀ ਸ਼ਾਮਿਲ ਹੈ।

### ਸਿੱਖਣ ਦਾ ਉਦੇਸ਼

ਵਿਦਿਆਰਥੀ ਹੇਠ ਲਿਖੇ ਬਿੰਦੂ ਲੱਭਣ ਦੇ ਯੋਗ ਹੋ ਸਕੇਗਾ:

- ਅਕਸ਼ਾਂਸ਼ ਰੇਖਾਵਾਂ
- ਦੇਸ਼ਾਂਤਰ ਰੇਖਾਵਾਂ
- ਅਕਸ਼ਾਂਸ਼ ਅਤੇ ਦੇਸ਼ਾਂਤਰ ਰੇਖਾਵਾਂ ਵਿੱਚ ਅੰਤਰ
- ਉੱਤਰੀ ਅਤੇ ਦੱਖਣੀ ਧਰੁਵ
- ਭੂ-ਮੱਧ ਰੇਖਾ
- ਕਰਕ ਰੇਖਾ
- ਮਕਰ ਰੇਖਾ
- ਮੁੱਖ ਮਧਿਆਨ ਰੇਖਾ (ਜ਼ੀਰੋ ਦਰਜਾ ਅਕਸ਼ਾਂਸ਼)
- ਅਕਸ਼ਾਂਸ਼ ਅਤੇ ਦੇਸ਼ਾਂਤਰ ਰੇਖਾਵਾਂ ਦੀ ਮਦਦ ਨਾਲ ਗਲੋਬ ਉੱਤੇ ਸਥਾਨ ਲੱਭਣਾ
- ਅਕਸ਼ਾਂਸ਼ ਅਤੇ ਦੇਸ਼ਾਂਤਰ ਰੇਖਾਵਾਂ ਦੀ ਮਦਦ ਨਾਲ ਨਕਸ਼ੇ ਅਤੇ ਐਟਲਸ ਵਿੱਚ ਸਥਾਨ ਲੱਭਣਾ

## ਵਿਸ਼ਾ ਖੇਤਰ ਵਿੱਚ ਜਮਾਤ ਵਿਸ਼ੇਸ਼ ਸਿੱਖਣ ਨਤੀਜੇ

ਗਲੋਬ ਧਰਤੀ ਦਾ ਸਹੀ ਮਾਡਲ ਹੈ। ਗਲੋਬ ਦੀਆਂ ਮੁੱਖ ਵਿਸ਼ੇਸ਼ਤਾਵਾਂ ਵਿੱਚ ਸ਼ਾਮਲ ਅਕਸ਼ਾਂਸ਼ ਅਤੇ ਦੇਸ਼ਾਂਤਰ ਰੇਖਾਵਾਂ ਧਰਤੀ ਉੱਪਰ ਕਿਸੇ ਸਥਾਨ ਨੂੰ ਲੱਭਣ ਵਿੱਚ ਮੱਦਦ ਕਰਦੀਆਂ ਹਨ।ਸਿਖਿਆਰਥੀਆਂ ਨੂੰ ਧਰਤੀ ਉੱਪਰ ਵੱਖ-ਵੱਖ ਥਾਵਾਂ ਨੂੰ ਪਛਾਨਣ ਅਤੇ ਲੱਭਣ ਦੇ ਯੋਗ ਬਣਾਉਣ ਦੇ ਲਈ ਉਨ੍ਹਾਂ ਦੇ ਅੰਦਰ 'ਸਥਾਨ ਸਬੰਧੀ ਹੁਨਰ' ਨੂੰ ਵਿਕਸਿਤ ਕਰਨ ਦੀ ਜਰੂਰਤ ਹੈ।

## ਸਿੱਖਣ ਨਤੀਜੇ ਹਾਸਲ ਕਰਨ ਦੇ ਲਈ ਸੁਝਾਈਆਂ ਗਈਆਂ ਸਿੱਖਿਆ ਸ਼ਾਸਤਰੀ ਪ੍ਰਕਿਰਿਆਵਾਂ



ਗਲੋਬ ਅਤੇ ਸੰਸਾਰ ਦੇ ਨਕਸ਼ੇ ਉੱਪਰ ਵਿਥਕਾਰ ਅਤੇ ਦਿਸ਼ਾਂਤਰ ਲੱਭਣ ਲਈ ਬਹੁਤ ਸਾਰੀਆਂ ਸਿੱਖਿਆ ਸ਼ਾਸਤਰੀ ਵਿਧੀਆਂ ਅਪਣਾਈਆਂ ਜਾ ਸਕਦੀਆਂ ਹਨ। ਸਿੱਖਿਆਰਥੀਆਂ ਨੂੰ ਗਲੋਬ ਅਤੇ ਨਕਸ਼ੇ ਵਰਤਣ ਦੇ ਮੌਕੇ ਵਾਰ ਵਾਰ ਦੇਣੇ ਚਾਹੀਦੇ ਹਨ। ਜਮਾਤ ਦੀਆਂ ਗਤੀਵਿਧੀਆਂ ਦੌਰਾਨ ਵਿਦਿਆਰਥੀਆਂ ਨੂੰ ਰੁੱਝੇ ਰੱਖਣ ਦੇ ਲਈ ਵੱਖ-ਵੱਖ ਮਾਡਲ ਜਿਵੇਂ ਕਿ ਟੇਕਟਾਇਲ ਗਲੋਬ, ਟੇਕਟਾਇਲ ਨਕਸ਼ੇ, ਅਕਸ਼ਾਂਸ਼ ਅਤੇ ਦੇਸ਼ਾਂਤਰ ਦੇ ਤਿੰਨ ਪਾਸਾਰੀ ਮਾਡਲ ਅਤੇ ਕਾਗਜ਼ ਜਾਂ ਬਲੈਕ ਬੋਰਡ 'ਤੇ ਬਣੇ ਅਕਸ਼ਾਂਸ਼ ਅਤੇ ਦੇਸ਼ਾਂਤਰ ਦੇ ਚਿੱਤਰ ਜਾਂ ਗ੍ਰਿਡ ਵਰਤੇ ਜਾ ਸਕਦੇ ਹਨ। ਅਧਿਆਪਕ ਨੂੰ ਵਿਸ਼ੇ ਨੂੰ ਸਮਝਾਉਣ ਲਈ ਸਥਾਨਿਕ ਭਾਸ਼ਾ ਦੀ ਵਰਤੋਂ ਕਰਨੀ ਚਾਹੀਦੀ ਹੈ। ਵਿਦਿਆਰਥੀਆਂ ਦੁਆਰਾ ਸਹੀ ਪ੍ਰਸ਼ਨ ਪੁੱਛਣ ਅਤੇ ਵਿਸ਼ੇ ਨੂੰ ਹੋਰ ਸਬੰਧਿਤ ਸੰਕਲਪਾਂ ਨਾਲ ਜੋੜਨ ਦੀ ਯੋਗਤਾ, ਵਿਦਿਆਰਥੀ ਦੀ ਉਤਸੁਕਤਾ ਅਤੇ ਅਧਿਆਪਨ-ਸਿੱਖਣ ਪ੍ਰਕਿਰਿਆ ਵਿੱਚ ਸਰਗਰਮ ਭਾਗੀਦਾਰੀ ਅਤੇ ਨਾਲ ਹੀ ਸਮੱਸਿਆ ਨੂੰ ਹੱਲ ਕਰਨ ਦੇ ਹੁਨਰ ਦੇ ਆਧਾਰ 'ਤੇ ਉਨ੍ਹਾਂ ਦਾ ਮੁਲਾਂਕਣ ਕੀਤਾ ਜਾਣਾ ਚਾਹੀਦਾ ਹੈ।

ਅਧਿਆਪਕ ਵਿਸ਼ੇ ਦੀ ਸ਼ੁਰੂਆਤ ਧਰਤੀ ਦੀ ਤਸਵੀਰ ਦਿਖ਼ਾ ਕੇ ਕਰ ਸਕਦਾ ਹੈ ਅਤੇ ਪੁੱਛ ਸਕਦਾ ਹੈ ਕਿ ਕੀ ਸਿੱਖ਼ਿਆਰਥੀਆਂ ਨੇ ਪੁਲਾੜ ਵਿੱਚੋਂ ਦਿਖਦੀ ਧਰਤੀ ਦੀ ਤਸਵੀਰ ਆਪਣੀ ਕਿਤਾਬ ਜਾਂ ਟੈਲੀਵੀਜ਼ਨ ਤੇ ਦੇਖ਼ੀ ਹੈ। ਇਸਦੇ ਨਾਲ ਹੀ ਤਸਵੀਰ ਵਿੱਚ ਦਿਖਾਈ ਦੇ ਰਹੇ ਧਰਤੀ ਦੇ ਰੰਗ ਅਤੇ ਆਕਾਰ ਬਾਰੇ ਜਾਣਕਾਰੀ ਲੈ ਸਕਦਾ ਹੈ। ਵਿਦਿਆਰਥੀਆਂ ਦੁਆਰਾ ਕੀਤੀ ਗਈ ਪਛਾਣ ਨੂੰ ਨੋਟ ਕਰਨਾ ਚਾਹੀਦਾ ਹੈ।

ਹੁਣ ਉਨ੍ਹਾਂ ਨੂੰ ਗਲੋਬ ਦਿਖ਼ਾਇਆ ਜਾਵੇ ਜੋ ਕਿ ਧਰਤੀ ਦਾ ਮਾਡਲ ਹੈ। ਵਿਦਿਆਰਥੀਆਂ ਦੇ ਛੋਟੇ ਛੋਟੇ ਗਰੁੱਪ ਬਣਾਓ ਅਤੇ ਹਰੇਕ ਗਰੁੱਪ ਨੂੰ ਗਲੋਬ ਨੂੰ ਛੂਹਣ ਅਤੇ ਮਹਿਸੂਸ ਕਰਨ ਲਈ ਉਤਸ਼ਾਹਿਤ ਕਰੋ। ਉਨ੍ਹਾਂ ਦੇ ਹੱਥ ਵੱਖ ਵੱਖ ਥਾਵਾਂ, ਰੇਖਾਵਾਂ ਅਤੇ ਰੰਗਾਂ ਉੱਪਰ ਲਵਾ ਕੇ ਉਨ੍ਹਾਂ ਦੀ ਸੋਚਣ ਸ਼ਕਤੀ ਨੂੰ ਜਗਾਓ। ਵਿਦਿਆਰਥੀਆਂ ਨੂੰ ਆਪਣੇ ਅਨੁਭਵ ਇੱਕ ਦੂਜੇ ਨਾਲ ਸਾਂਝੇ ਕਰਨ ਲਈ ਕਹੋ।

**ਕੁਇਜ਼:** ਕਾਰਡਾਂ ਦਾ ਇੱਕ ਸੈੱਟ ਤਿਆਰ ਕਰੋ। ਹਰ ਕਾਰਡ 'ਤੇ ਭਾਰਤ/ਸੰਸਾਰ ਵਿੱਚ ਸਥਿਤ ਕਿਸੇ ਨਾ ਕਿਸੇ ਥਾਂ ਦਾ ਨਾਮ ਲਿਖੋ। ਵਿਦਿਆਰਥੀ ਲੱਕੀ ਡਰਾਅ ਵਾਂਗ ਇੱਕ-ਇੱਕ ਕਾਰਡ ਚੁੱਕਣਗੇ ਅਤੇ ਆਪੋ ਆਪਣੇ ਕਾਰਡਾਂ 'ਤੇ ਲਿਖੇ ਸਥਾਨ ਗਲੋਬ/ਸੰਸਾਰ ਦੇ ਨਕਸ਼ੇ ਉੱਪਰ ਲੱਭਣਗੇ। ਉਹਨਾਂ ਦੇ ਨਤੀਜਿਆਂ ਨੂੰ ਇੱਕ ਕਾਗਜ਼ 'ਤੇ ਨੋਟ ਕਰੋ।

### ਵਿਦਿਆਰਥੀਆਂ ਦਾ ਮੁਲਾਂਕਣ ਹੇਠ ਲਿਖੇ ਨੁਕਤਿਆਂ ਦੇ ਆਧਾਰ'ਤੇ ਕਰੋ

- ਵਿਦਿਆਰਥੀ ਦੁਆਰਾ ਗਲੋਬ 'ਤੇ ਦਰਸਾਏ ਮਹੱਤਵਪੂਰਨ ਤੱਥਾਂ ਨੂੰ ਪਛਾਨਣ ਲਈ ਕੀਤੇ ਗਏ ਯਤਨ
- ਵਿਦਿਆਰਥੀਆਂ ਦਰਮਿਆਨ ਆਪਸੀ ਸਹਿਯੋਗ, ਹਮਦਰਦੀ ਅਤੇ ਜਾਣਕਾਰੀ ਨੂੰ ਸਾਂਝਾ ਕਰਨਾ

ਵਿਸ਼ੇਸ ਲੋੜਾਂ ਵਾਲੇ ਵਿਦਿਆਰਥੀਆਂ ਦੀ ਕਲਾਸ ਲਈ ਟੈਕਟਾਇਲ ਗਲੋਬ ਅਤੇ ਹੋਰ ਸਬੰਧਿਤ ਚੀਜ਼ਾਂ ਮੁਹੱਈਆ ਕਰਵਾਈਆਂ ਜਾ ਸਕਦੀਆਂ ਹਨ, ਜਿਨ੍ਹਾਂ ਦੀ ਸਹਾਇਤਾ ਨਾਲ ਗਲੋਬ, ਵਿਥਕਾਰਾਂ ਅਤੇ ਦਿਸਾਤਰਾਂ ਨੂੰ ਸਮਝਾਇਆ ਜਾ ਸਕਦਾ ਹੈ।

ਉੱਤਰੀ ਧਰੁਵ



ਟੈਕਟਾਇਲ ਗਲੋਬ



ਵਿਦਿਆਰਥੀ ਆਪਸ ਵਿੱਚ ਵਿਚਾਰ ਵਟਾਂਦਰਾ ਕਰਦੇ ਹਨ :-

- ਜੇ ਗਲੋਬ ਧਰਤੀ ਦਾ ਨਮੂਨਾ ਹੈ ਤਾਂ ਅਸੀਂ ਗਲੋਬ ਤੇ ਕਿੱਥੇ ਰਹਿੰਦੇ ਹਾਂ।(ਕੋਈ ਕਹਿੰਦਾ ਹੈ ਕਿ ਅਸੀਂ ਗਲੋਬ ਦੇ ਅੰਦਰ ਰਹਿੰਦੇ ਹਾਂ ਕੋਈ ਕਹਿ ਸਕਦਾ ਕਿ ਅਸੀਂ ਗਲੋਬ ਦੀ ਸਤ੍ਹਾ 'ਤੇ ਰਹਿੰਦੇ ਹਾਂ)
- ਕੀ ਧਰਤੀ ਕਿਸੇ ਸਟੈਂਡ 'ਤੇ ਜੜੀ ਹੋਈ ਹੈ ਅਤੇ ਗਲੋਬ ਵਾਂਗ ਇਸ ਦੇ ਦੋਨੋਂ ਪਾਸੇ ਹਿਲਜੁਲ ਕਰਦੇ ਹਨ?
- ਗਲੋਬ ਦਾ ਜ਼ਿਆਦਾ ਹਿੱਸਾ ਨੀਲਾ ਹੈ। ਕਿਉਂ?

**ਇੱਥੇ ਅਧਿਆਪਕ ਵਿਦਿਆਰਥੀਆਂ ਦੇ ਪ੍ਰਸ਼ਨਾਂ ਦੇ ਉੱਤਰ ਦੇ ਕੇ ਉਨ੍ਹਾਂ ਦੀ ਮੱਦਦ ਕਰਦਾ ਹੈ (ਸਕੈਫੋਲਡਿੰਗ)**

ਅਧਿਆਪਕ ਸਪਸ਼ਟ ਕਰੇਗਾ ਕਿ ਅਸੀਂ ਸਤ੍ਹਾ 'ਤੇ ਰਹਿੰਦੇ ਹਾਂ ਇਸ ਦੇ ਅੰਦਰ ਨਹੀਂ। ਦੋ ਬਿੰਦੂਆਂ ਵਿੱਚ ਧਿਆਨ ਦਿਓ- ਇੱਕ ਉੱਤਰ ਵਿੱਚ (ਉਪਰ) ਅਤੇ ਦੱਖਣ ਵਿੱਚ (ਹੇਠਾਂ)। ਤੁਸੀਂ ਇਹ ਵੀ ਜਾਣੋਗੇ ਕਿ ਇੱਕ ਸੂਈ ਗਲੋਬ ਦੇ ਵਿੱਚ ਜੜੀ ਹੋਈ ਹੈ, ਇੱਕ ਪਾਸੇ ਝੁਕੀ ਹੋਈ। ਇਸ ਧੁਰੇ ਦੇ ਇੱਕ ਪਾਸੇ ਉੱਤਰੀ ਧਰੁਵ ਹੈ ਅਤੇ ਦੂਜੇ ਸਿਰੇ ਨੂੰ ਦੱਖਣੀ ਧਰੁਵ ਆਖਦੇ ਹਨ। ਪ੍ਰੰਤੂ ਅਸਲ ਧਰਤੀ ਵਿੱਚ ਕੋਈ ਸੂਈ ਨਹੀਂ ਹੁੰਦੀ । ਇਹ ਧੁਰੇ ਦੁਆਲੇ ਘੁੰਮਦੀ ਹੈ ਜੋ ਕਿ ਇੱਕ ਕਲਪਿਤ ਰੇਖਾ ਹੈ।

ਗਲੋਬ ਵੀ ਇੱਕ ਥਾਂ ਜੜਿਆ ਨਹੀ ਹੁੰਦਾ। ਇਹ ਵੀ ਉਸੇ ਤਰ੍ਹਾਂ ਘੁੰਮਦਾ ਹੈ ਜਿਵੇਂ ਕੋਈ ਲਾਟੂ ਜਾਂ ਕਿਸੇ ਘੁਮਿਆਰ ਦਾ ਪਹੀਆ ਘੁੰਮਦਾ ਹੈ। ਇਸ ਤਰ੍ਹਾਂ ਗਲੋਬ ਪੂਰਬ ਅਤੇ ਪੱਛਮ ਦੋਨਾਂ ਹੀ ਦਿਸ਼ਾਵਾਂ ਵੱਲ ਘੁੰਮ ਸਕਦਾ ਹੈ। ਪ੍ਰੰਤੂ ਧਰਤੀ ਹਮੇਸ਼ਾਂ ਪੱਛਮ ਤੋਂ ਪੂਰਬ ਵੱਲ ਘੁੰਮਦੀ ਹੈ। ਗਲੋਬ ਉਪਰ ਪਾਣੀ ਅਤੇ ਥਲ ਭਾਗ ਨੂੰ ਦਰਸਾਉਣ ਲਈ ਵਰਤੇ ਗਏ ਅਲੱਗ-2 ਰੰਗਾਂ ਵੱਲ ਧਿਆਨ ਦਿਓ।

**ਸਿੱਖਿਆਰਥੀ ਆਪਸ ਵਿੱਚ ਵਿਚਾਰ ਵਟਾਂਦਰਾ ਕਰਨਗੇ:**

- ਗਲੋਬ ਉਪਰ ਸਾਡਾ ਦੇਸ਼ ਕਿੱਥੇ ਸਥਿਤ ਹੈ ?
- ਗਲੋਬ ਉੱਤੇ ਏਨੀਆਂ ਜ਼ਿਆਦਾ ਖੜ੍ਹਵੀਆਂ ਅਤੇ ਲੇਟਵੀਂਆਂ ਰੇਖਾਵਾਂ ਕਿਉਂ ਹਨ?
- ਕੀ ਇਹ ਅਕਸ਼ਾਂਸ਼ ਅਤੇ ਦੇਸ਼ਾਂਤਰ ਰੇਖਾਵਾਂ ਥਲ 'ਤੇ ਵੀ ਖਿੱਚੀਆਂ ਹੋਈਆਂ ਹਨ?
- ਗਲੋਬ ਉੱਤੇ ਦਿਸ਼ਾਵਾਂ ਕਿਵੇਂ ਭਾਲ ਸਕਦੇ ਹਾਂ?
- ਗਲੋਬ ਉੱਪਰ ਅਕਸ਼ਾਂਸ਼ ਅਤੇ ਦੇਸ਼ਾਂਤਰ ਰੇਖਾਵਾਂ ਕਿਉਂ ਖਿੱਚੀਆਂ ਗਈਆਂ ਹਨ?

ਅਧਿਆਪਕ ਵਿਦਿਆਰਥੀਆਂ ਨੂੰ ਸਮੱਗਰੀ ਅਤੇ ਮੌਕੇ ਪ੍ਰਦਾਨ ਕਰੇਗਾ ਤਾਂ ਜੋ ਉਹ ਗਲੋਬ ਨੂੰ ਵਧੇਰੇ ਜਾਣ ਸਕਣ। ਉਹ ਕਿਸੇ ਧਾਗੇ, ਟੇਪ ਜਾਂ ਮੌਕੇ 'ਤੇ ਮੌਜੂਦ ਕਿਸੇ ਹੋਰ ਸਮੱਗਰੀ ਦੀ ਮੱਦਦ ਨਾਲ ਗਲੋਬ ਦੇ ਉੱਪਰ ਇਹਨਾਂ ਰੇਖਾਵਾਂ ਨੂੰ ਮਾਪਣ ਵਿੱਚ ਵਿਦਿਆਰਥੀਆਂ ਦੀ ਮੱਦਦ ਕਰੇਗਾ ।

ਅਧਿਆਪਕ ਵਿਦਿਆਰਥੀਆਂ ਦੀ ਇਹ ਸਮਝਣ ਵਿੱਚ ਮੱਦਦ ਕਰ ਸਕਦਾ ਹੈ ਕਿ ਧਰਤੀ ਵਰਗੇ ਗੋਲੇ 'ਤੇ ਕਿਸੇ ਸਥਾਨ ਦੀ ਸਥਿਤੀ ਦਾ ਵਰਨਣ ਕਰਨਾ ਮੁਸ਼ਕਿਲ ਹੈ। ਸਾਨੂੰ ਕਿਸੇ ਸਥਾਨ ਦੀ ਸਥਿਤੀ ਜਾਨਣ ਦੇ ਲਈ ਕਿਸੇ ਸੰਦਰਭ ਬਿੰਦੂ ਦੀ ਲੋੜ ਹੁੰਦੀ ਹੈ। ਉੱਤਰੀ ਧਰੁਵ ਅਤੇ ਦੱਖਣੀ ਧਰੁਵ ਦੋ ਸੰਦਰਭ ਬਿੰਦੂ ਹਨ। ਇਸੇ ਤਰ੍ਹਾਂ ਅਕਸ਼ਾਂਸ਼ ਅਤੇ ਦੇਸ਼ਾਂਤਰ ਕਲਪਿਤ ਰੇਖਾਵਾਂ ਹਨ ਜੋ ਕਿ ਗਲੋਬ ਅਤੇ ਨਕਸ਼ੇ ਤੇ ਖਿੱਚੀਆਂ ਗਈਆਂ ਹਨ।

ਕੀ ਤੁਸੀਂ ਜਾਣਦੇ ਹੋ?

- ਅਕਸ਼ਾਂਸ਼ ਅਤੇ ਦੇਸ਼ਾਂਤਰ $1^0$ ਦੇ ਅੰਤਰਾਲ 'ਤੇ ਖਿੱਚੇ ਜਾਂਦੇ ਹਨ।
- ਹਰ ਡਿਗਰੀ 60 ਬਰਾਬਰ ਭਾਗਾਂ ਵਿੱਚ ਵੰਡੀ ਹੁੰਦੀ ਹੈ । ਹਰੇਕ ਭਾਗ ਨੂੰ ਮਿੰਟ ਕਹਿੰਦੇ ਹਨ ।
- ਹਰ ਮਿੰਟ ਨੂੰ 60 ਬਰਾਬਰ ਭਾਗਾਂ ਵਿੱਚ ਵੰਡਦੇ ਹਾਂ । ਹਰੇਕ ਭਾਗ ਨੂੰ ਸੈਕਿੰਡ ਕਹਿੰਦੇ ਹਨ ।

**ਅਕਸ਼ਾਂਸ਼ (ਵਿਥਕਾਰ)**

ਹੁਣ ਗਲੋਬ ਉੱਪਰ ਉੱਤਰ ਤੋਂ ਦੱਖਣ ਵੱਲ ਜਾ ਰਹੀ ਕਿਸੇ ਵੀ ਰੇਖਾ 'ਤੇ ਉੱਤਰ ਤੋਂ ਦੱਖਣ ਵੱਲ ਆਪਣੀ ਉਂਗਲ ਲੈ ਕੇ ਜਾਓ। ਜਦੋਂ ਤੁਹਾਡੀ ਉਂਗਲ ਮੱਧ ਭਾਗ ਵਿੱਚ ਪਹੁੰਚਦੀ ਹੈ ਤੁਸੀਂ ਦੇਖੋਗੇ ਕਿ ਇੱਕ ਲੇਟਵੀਂ ਰੇਖਾ ਗਲੋਬ ਦੇ ਘੇਰੇ 'ਤੇ ਖਿੱਚੀ ਹੋਈ ਹੈ। ਇਸ ਰੇਖਾ ਨੂੰ ਭੂ-ਮੱਧ ਰੇਖਾ ਕਿਹਾ ਜਾਂਦਾ ਹੈ।ਭੂ-ਮੱਧ ਰੇਖਾ ਗਲੋਬ ਨੂੰ ਦੋ ਬਰਾਬਰ ਹਿੱਸਿਆਂ ਵਿੱਚ ਵੰਡਦੀ ਹੈ।ਇਹ ਹਨ- ਉੱਤਰੀ ਅਰਧ ਗੋਲਾ ਅਤੇ ਦੱਖਣੀ ਅਰਧ

ਗੋਲਾ। ਇਸਨੂੰ $0^0$ ਅਕਸ਼ਾਂਸ਼ ਜਾਂ ਵਿਥਕਾਰ ਵੀ ਕਿਹਾ ਜਾਂਦਾ ਹੈ। ਕੀ ਤੁਸੀ ਹੋਰਨਾਂ ਅਕਸ਼ਾਂਸ਼ ਰੇਖਾਵਾਂ ਨੂੰ ਗਲੋਬ ਉੱਪਰ ਦੇਖਿਆ ਹੈ? ਇਹ ਅਕਸ਼ਾਂਸ਼ ਰੇਖਾਵਾਂ ਦੱਸਦੀਆਂ ਹਨ ਕਿ ਤੁਸੀਂ ਭੂ-ਮੱਧ ਰੇਖਾ ਤੋਂ ਕਿੰਨੇ ਉੱਤਰ ਜਾਂ ਦੱਖਣ ਵੱਲ ਹੋ। ਕੀ ਤੁਸੀ ਉੱਤਰ ਅਤੇ ਦੱਖਣ ਵੱਲ ਜਾਂਦੀਆਂ ਇਹਨਾਂ ਰੇਖਾਵਾਂ ਦੀ ਲੰਬਾਈ ਵਿੱਚ ਕੋਈ ਅੰਤਰ ਦੇਖਿਆ ਹੈ? ਵਿਦਿਆਰਥੀ ਧਿਆਨ ਨਾਲ ਗਲੋਬ ਦੇਖਣਗੇ ਅਤੇ ਆਪਣੇ ਵਿਚਾਰ ਦੱਸਣਗੇ। ਸਾਰੀਆਂ ਅਕਸ਼ਾਂਸ਼ ਰੇਖਾਵਾਂ ਭੂ-ਮੱਧ ਰੇਖਾ ਤੋਂ ਛੋਟੀਆਂ ਹਨ। ਧਰੁਵਾਂ ‘ਤੇ $90^0$ ਉੱਤਰ ਅਤੇ $90^0$ ਦੱਖਣ ਇੱਕ-ਇੱਕ ਬਿੰਦੂ ਨਾਲ ਦਰਸਾਏ ਗਏ ਹਨ। ਅਕਸ਼ਾਂਸ਼ ਰੇਖਾਵਾਂ ਨੂੰ ਸਮਾਨ ਅੰਤਰ ਅਕਸ਼ਾਂਸ਼ ਰੇਖਾਵਾਂ ਵੀ ਕਿਹਾ ਜਾਂਦਾ ਹੈ ਕਿਉਂਕਿ ਇਹ ਇੱਕ ਦੂਜੇ ਦੇ ਸਮਨ ਅੰਤਰ ਹੁੰਦੀਆਂ ਹਨ। ਇਸ ਤਰ੍ਹਾਂ ਇਹ ਇੱਕ ਦੂਜੇ ਨੂੰ ਛੂੰਹਦੀਆਂ ਨਹੀਂ। ਸਾਰੀਆਂ ਅਕਸ਼ਾਂਸ਼ ਰੇਖਾਵਾਂ ਭੂ-ਮੱਧ ਰੇਖਾ ਦੇ ਸਮਾਨ ਅੰਤਰ ਹੁੰਦੀਆਂ ਹਨ। ਜਿਸ ਅਕਸ਼ਾਂਸ਼ ਨੂੰ $30^0$ 15 30''N ਲਿਖਿਆ ਗਿਆ ਹੋਵੇ ਉਸਨੂੰ 30 ਡਿਗਰੀ 15 ਮਿੰਟ 30 ਸੈਕਿੰਡ ਉੱਤਰ ਪੜ੍ਹਿਆ ਜਾਂਦਾ ਹੈ। ਕੀ ਤੁਸੀਂ ਭੂ-ਮੱਧ ਰੇਖ਼ਾ ਦੇ ਓੱਤਰ ਅਤੇ ਦੱਖ਼ਣ ਵਿੱਚ ਕੋਈ ਦਾਣੇਦਾਰ ਰੇਖ਼ਾ ਦੇਖ਼ੀ ਹੈ? ਤੁਸੀ ਇਹ ਵੇਖੋਗੇ ਕਿ 23.5ਡਿਗਰੀ ਉੱਤਰ ਅਕਸ਼ਾਂਸ਼ ‘ਕਰਕ ਰੇਖਾ’ ਹੈ ਅਤੇ 23.5ਡਿਗਰੀ ਦੱਖਣ ਅਕਸ਼ਾਂਸ਼ ‘ਮਕਰ ਰੇਖਾ’ ਹੈ। ਆਪਣੀ ਉਂਗਲ ਕਰਕ ਰੇਖਾ ਅਤੇ ਮਕਰ ਰੇਖਾ ਦੇ ਉੱਪਰ ਚਲਾਉ ਅਤੇ ਉਹਨਾਂ ਦੇਸ਼ਾਂ ਦੀ ਸੂਚੀ ਬਣਾਉ ਜਿੱਥੋਂ ਦੀ ਤੁਹਾਡੀ ਉਂਗਲ ਲੰਘਦੀ ਹੈ।

## ਕਿਰਿਆ–2

1. ਭੂ ਮੱਧ ਰੇਖਾ ਦੇ ਉੱਤਰ ਅਤੇ ਦੱਖਣ ਵਿੱਚ ਸਥਿਤ ਦੇਸ਼ਾਂ ਦੀ ਸੂਚੀ ਬਣਾਉ।
2. ਐਟਲਸ ਵਿੱਚੋਂ ਅਕਸ਼ਾਂਸ਼ ਦੀ ਮਦਦ ਨਾਲ ਥਾਵਾਂ ਦਾ ਪਤਾ ਕਰਨ ਦੀ ਕੋਸ਼ਿਸ ਕਰੋ।

**ਦੇਸ਼ਾਂਤਰ (ਲੰਬਕਾਰ)**

ਅਧਿਆਪਕ ਵਿਦਿਆਰਥੀਆਂ ਨੂੰ ਧਰਤੀ ਦੇ ਉੱਤਰ ਤੋਂ ਦੱਖਣ ਵੱਲ ਜਾਂਦੀਆਂ ਰੇਖਾਵਾਂ ਨੂੰ ਵੇਖਣ ਲਈ ਪ੍ਰੇਰਿਤ ਕਰਦਾ ਹੈ। ਇਹਨਾਂ ਰੇਖਾਵਾਂ ਨੂੰ ਦੇਸ਼ਾਂਤਰ ਜਾਂ ਲੰਬਕਾਰ ਕਹਿੰਦੇ ਹਨ। ਇਹ ਰੇਖਾਵਾਂ ਉੱਤਰ ਤੋਂ ਦੱਖਣ ਵੱਲ ਜਾ ਕੇ ਉੱਤਰੀ ਤੇ ਦੱਖਣੀ ਧਰੁਵਾਂ ਨੂੰ ਮਿਲਾਉਂਦੀਆਂ ਹਨ। ਉੱਤਰੀ ਤੇ ਦੱਖਣੀ ਧਰੁਵਾਂ ਨੂੰ ਮਿਲਾਉਣ ਵਾਲੀਆਂ ਇਨ੍ਹਾਂ ਲੰਬ (ਖੜ੍ਹਵੀਆਂ) ਰੇਖਾਵਾਂ ਨੂੰ ਦੇਸ਼ਾਂਤਰ ਜਾਂ ਲੰਬਕਾਰ ਕਹਿੰਦੇ ਹਨ।

*ਧਾਗੇ ਦੀ ਸਹਾਇਤਾ ਨਾਲ ਇਹਨਾਂ ਨੂੰ ਮਾਪੋ। ਅਕਸ਼ਾਂਸ਼ ਤੇ ਦੇਸ਼ਾਂਤਰਾਂ ਦੀ ਲੰਬਾਈ ਦੀ ਤੁਲਨਾ ਕਰੋ ਕਿ ਕਿਹੜੀਆਂ ਰੇਖਾਵਾਂ ਵੱਡੀਆਂ ਹਨ।*

ਅਕਸ਼ਾਂਸ਼ ਰੇਖਾਵਾਂ ਤੋਂ ਉਲਟ ਇਹ ਸਾਰੀਆਂ ਦੇਸ਼ਾਂਤਰ ਰੇਖਾਵਾਂ ਬਰਾਬਰ ਲੰਬਾਈ ਦੀਆਂ ਹਨ। ਦੇਸ਼ਾਂਤਰ ਨੂੰ ਅੰਗਰੇਜ਼ੀ ਵਿੱਚ ਮੈਰੀਡੀਅਨ (ਉੱਤਰੀ ਅਤੇ ਦੱਖਣੀ ਧਰੁਵਾਂ ਨੂੰ ਜੋੜਨ ਵਾਲੀ ਰੇਖਾ) ਆਖਦੇ ਹਨ ਜੋ ਕਿ 0ਡਿਗਰੀ ਮੈਰੀਡੀਅਨ, ਜਿਸ ਨੂੰ ਪ੍ਰਾਈਮ ਮੈਰੀਡੀਅਨ ਆਖਦੇ ਹਨ, ਤੋਂ ਪੂਰਬ ਜਾਂ ਪੱਛਮ ਵੱਲ ਦੂਰੀ ਪਤਾ ਕਰਨ ਦੇ ਕੰਮ ਆਉਂਦੀ ਹੈ। ਪ੍ਰਾਈਮ ਮੈਰੀਡੀਅਨ ਦੇ ਬਿਲਕੁਲ ਉਲਟ ਦਿਸ਼ਾ ਵਿੱਚ ਸਥਿਤ ਦੇਸ਼ਾਂਤਰ ਰੇਖਾ 180 ਡਿਗਰੀ ‘ਤੇ ਹੈ (ਪੂਰਬ ਜਾਂ ਪੱਛਮ ਵੱਲ) ਇਸ ਤਰ੍ਹਾਂ ਕੁੱਲ 360 ਡਿਗਰੀਆਂ ਪੂਰੀਆਂ ਹੋ ਜਾਂਦੀਆਂ ਹਨ। ਦੇਸ਼ਾਂਤਰਾਂ ਨੂੰ ਪ੍ਰਾਈਮ ਮੈਰੀਡੀਅਨ (ਜ਼ੀਰੋ ਡਿਗਰੀ ਦੇਸ਼ਾਂਤਰ) ਤੋਂ ਸਥਿਤੀ ਦੇ ਆਧਾਰ ‘ਤੇ ਪੂਰਬ ਜਾਂ ਪੱਛਮ ਵੱਲ 0 ਤੋਂ 180 ਡਿਗਰੀ ਅੰਕਿਤ ਕੀਤਾ ਜਾਂਦਾ ਹੈ।ਪ੍ਰਾਈਮ ਮੈਰੀਡੀਅਨ ਗਰੀਨਵਿਚ ਵਿੱਚੋਂ ਲੰਘਦੀ ਹੈ ਜੋ ਕਿ ਲੰਡਨ (ਯੂ.ਕੇ.) ਦੇ ਨੇੜੇ ਪੈਂਦਾ ਹੈ। ਕੁੱਲ 360 ਮੈਰੀਡੀਅਨ ਹੁੰਦੀਆਂ ਹਨ।

## ਕਿਰਿਆ –3

1. ਗਲੋਬ ਵਿੱਚ ਪ੍ਰਾਈਮ ਮੈਰੀਡੀਅਨ ਲੱਭੋ। ਉਸੇ ਦੇ ਉੱਪਰ ਮੌਜੂਦ ਕਿਸੇ ਜਗ੍ਹਾ ਦਾ ਨਾਂ ਦੱਸੋ।
2. ਕਿਸੇ ਇੱਕ ਜਗ੍ਹਾ ਦਾ ਨਾਮ ਦੱਸੋ ਜੋ 180 ਡਿਗਰੀ ਦੇਸ਼ਾਂਤਰ ‘ਤੇ ਸਥਿਤ ਹੈ।

ਵਿਦਿਆਰਥੀ ਪੁੱਛ ਸਕਦੇ ਹਨ ਕਿ ਗਲੋਬ ‘ਤੇ ਕਿਸੇ ਦੇਸ਼ ਕਿਵੇਂ ਲੱਭਿਆ ਜਾਵੇ? ਗਰਿੱਡ (ਅਕਸ਼ਾਂਸ਼ ਤੇ ਦੇਸ਼ਾਂਤਰ ਰੇਖਾਵਾਂ ਦਾ ਜਾਲ) ਗਲੋਬ ਜਾਂ ਕਿਸੇ ਪੱਧਰੀ ਸਤ੍ਹਾ ‘ਤੇ ਕਿਸੇ ਜਗ੍ਹਾ ਨੂੰ ਲੱਭਣ ਲਈ ਸਭ ਤੋਂ ਸੌਖਾ ਤਰੀਕਾ ਹੈ। ਤੁਸੀਂ ਦੇਖ ਸਕਦੇ ਹੋ ਕਿ ਗਲੋਬ ਉੱਪਰ ਅਕਸ਼ਾਂਸ਼ (ਉੱਤਰ ਤੋਂ ਦੱਖਣ) ਅਤੇ ਦੇਸ਼ਾਂਤਰ(ਪੂਰਬ ਤੋਂ ਪੱਛਮ) ਰੇਖਾਵਾਂ ਇੱਕ ਦੂਜੀ ਨੂੰ 90 ਡਿਗਰੀ ਦੇ ਕੋਣ ‘ਤੇ ਕੱਟਦੀਆਂ ਹੋਈਆਂ ਜਾਲ ਬਣਾਉਂਦੀਆਂ ਹਨ।

ਉਪਗ੍ਰਹਿ ਤੋਂ ਪ੍ਰਾਪਤ ਤਸਵੀਰਾਂ ਵਿੱਚ ਵੱਖ-2 ਥਾਵਾਂ ਦੀ ਸਥਿਤੀ ਦਾ ਪਤਾ ਲਾਉਣ ਲਈ ਐਸ.ਸੀ.ਈ.ਆਰ.ਟੀ. ਦੇ ਜੀਓ ਪੋਰਟਲ- ਸਕੂਲ ਭੁਵਨ ਦੀ ਵਰਤੋਂ ਕਰੋ।



*ਚਿੱਤਰ 3: ਗਲੋਬ ਅਤੇ ਬਲੈਕ ਬੋਰਡ 'ਤੇ ਗਰਿੱਡ ਦੀ ਸਹਾਇਤਾ ਨਾਲ ਸਥਾਨ ਲੱਭਣਾ*

### ਕਿਰਿਆ- 4 ਗਲੋਬ 'ਤੇ ਇਹਨਾਂ ਥਾਵਾਂ ਨੂੰ ਲੱਭਣ ਦੀ ਕੋਸ਼ਿਸ ਕਰੋ:

**1.** 30 ਡਿਗਰੀ ਉੱਤਰੀ ਅਕਸ਼ਾਂਸ਼, 90 ਡਿਗਰੀ ਪੱਛਮੀ ਦੇਸ਼ਾਂਤਰ

**2.** 60 ਡਿਗਰੀ ਉੱਤਰੀ ਅਕਸ਼ਾਂਸ਼, 15 ਡਿਗਰੀ ਪੂਰਬੀ ਦੇਸ਼ਾਂਤਰ

**3.** 15 ਡਿਗਰੀ ਉੱਤਰੀ ਅਕਸ਼ਾਂਸ਼ 80 ਡਿਗਰੀ ਪੂਰਬੀ ਦੇਸ਼ਾਂਤਰ

**ਸਾਥੀਆਂ ਦੇ ਸੁਝਾਅ ਲਈ ਹੇਠ ਲਿਖੀ ਕਿਰਿਆ ਕੀਤੀ ਜਾ ਸਕਦੀ ਹੈ:**

### ਕਿਰਿਆ-5 ਭਾਰਤ ਦੇ ਨਕਸ਼ੇ ਵਿੱਚ ਅਕਸ਼ਾਂਸ਼ ਅਤੇ ਦੇਸ਼ਾਂਤਰਾਂ ਦੀ ਸਹਾਇਤਾ ਨਾਲ ਰਾਜ ਲੱਭਣਾ




*Figure 7.2 : Political map of India*
** Telangana became 29th state of India in June 2014*

Map of India, Source: The Earth Our Habitat, Class VI, p.49

ਅਧਿਆਪਕ ਇੰਡੀਅਨ ਸਪੇਸ ਰਿਸਰਚ ਆਰਗੇਨਾਈਜ਼ੇਸ਼ਨ (ਇਸਰੋ) ਦੁਆਰਾ ਬਣਾਈ ਗਈ ਮੋਬਾਈਲ ਐਪ, **ਭੁਵਨ** ਦੀ ਸਹਾਇਤਾ ਨਾਲ ਆਂਢ ਗੁਆਂਢ ਦੇ ਨਕਸ਼ੇ ਵੀ ਦਿਖਾ ਸਕਦੇ ਹਨ।

**ਵਿਥਕਾਰ ਅਤੇ ਦਿਸ਼ਾਤਰ** **ਰਾਜ ਲੱਭੋ**

**1. 15 ਡਿਗਰੀ ਉੱਤਰੀ ਦਿਸ਼ਾਂਤਰ 80 ਡਿਗਰੀ ਪੂਰਬੀ ਲੰਬਕਾਰ** ....................................

**2. 24 ਡਿਗਰੀ ਉੱਤਰੀ ਦਿਸ਼ਾਂਤਰ 72 ਡਿਗਰੀ ਪੂਰਬੀ ਲੰਬਕਾਰ** .......................................

**ਵਿਦਿਆਰਥੀ ਆਪਣੀਆਂ ਉੱਤਰ ਪੱਤਰੀਆਂ ਬਦਲ ਕੇ ਮੁਲਾਂਕਣ ਕਰ ਸਕਦੇ ਹਨ।**

| | **ਰੈਂਕ** |
|---|---|
| ਡਿਗਰੀ ਪੜੋ | 1. ਲੰਬਕਾਰ<br>2. ਵਿਥਕਾਰ<br>3. ਲੰਬਕਾਰ ਅਤੇ ਵਿਥਕਾਰ ਦੋਨੋਂ |
| ਗਲੋਬ ਤੇ ਲੰਬਕਾਰਾਂ ਤੇ ਦਿਸ਼ਾਂਤਰਾਂ ਦੀ ਪਹਿਚਾਣ ਕਰਨੀ | 1. ਕਰਕ ਰੇਖਾ<br>2. ਕਰਕ ਰੇਖਾ, 80° ਉੱਤਰੀ ਲੰਬਕਾਰ<br>3. ਕਰਕ ਰੇਖਾ, 80° ਉੱਤਰੀ ਲੰਬਕਾਰ, ਕਰਕ ਰੇਖ਼ਾ ਤੇ ਸਥਿਤ ਰਾਜ |
| ਜਗ੍ਹਾ ਦੀ ਭਾਲ | 1. 15 ਡਿਗਰੀ ਉੱਤਰੀ ਦਿਸ਼ਾਂਤਰ 80 ਡਿਗਰੀ ਪੂਰਬੀ ਲੰਬਕਾਰ<br>2. 24 ਡਿਗਰੀ ਉੱਤਰੀ ਦਿਸ਼ਾਂਤਰ 72 ਡਿਗਰੀ ਪੂਰਬੀ ਲੰਬਕਾਰ<br>3. 1 ਜਾਂ 2 ਦਾ ਸਹੀ ਉੱਤਰ |

---

ਅਧਿਆਪਕ ਵਿਦਿਆਰਥੀ ਦੁਆਰਾ ਪੁੱਛੇ ਗਏ ਪ੍ਰਸ਼ਨਾਂ ਨੂੰ ਬੱਚਿਆ ਦੇ ਰਿਕਾਰਡ ਵਿੱਚ ਰੱਖ ਕੇ ਵਿਦਿਆਰਥੀਆਂ ਦੀ ਵਿਕਾਸ ਦਰ ਚੈਕ ਕਰੇਗਾ।

## ਅਸੈਸਮੈਂਟ ਲਈ ਦਿਸ਼ਾ ਨਿਰਦੇਸ਼

| **ਮੁਲਾਂਕਣ ਵਿਧੀ** | **ਸਹਾਇਕ ਦੀ ਲੋੜ** | **ਕੀ ਚੰਗਾ ਕਰਨ ਦੀ ਸ਼ਕਤੀ ਹੈ** | **ਕੀ ਹੋਰਾਂ ਦੀ ਸਹਾਇਤਾ ਅਤੇ ਅਗਵਾਈ ਕਰ ਸਕਦਾ ਹੈ** |
|---|---|---|---|
| **ਪਛਾਣ ਅਤੇ ਮਾਨਤਾ ਗਲੋਬਦੀ ਪਛਾਣ ਕਰਦਾ ਹੈ, ਵਿਥਕਾਰ ਅਤੇ ਲੰਬਕਾਰ ਅਤੇ ਸੰਬੰਧਿਤ ਸ਼ਰਤਾਂ** | ਨਾਮ ਯਾਦ ਕਰਨ ਵਿੱਚ ਅਯੋਗ | ਅਸਾਨੀ ਨਾਲ ਨਾਮ ਯਾਦ ਕਰ ਸਕਦਾ | ਨਾਮ ਯਾਦ ਕਰਦਾ ਅਤੇ ਉਨ੍ਹਾਂ ਨੂੰ ਅਸਾਨੀ ਨਾਲ ਐਟਲਸ ਅਤੇ ਹੋਰ ਨਕਸ਼ਿਆਂ ਨਾਲ ਜੋੜ ਸਕਦਾ |
| ਲੰਬਕਾਰਾਂ ਅਤੇ ਦੇਸਾਂਤਰਾਂ ਦੀ ਵਰਤੋਂ ਕਰਨ ਬਾਰੇ ਸਮਝਾਉਣਾ | ਲੰਬਕਾਰਾਂ ਤੇ ਦਿਸ਼ਾਤਰਾਂ ਦੀਆਂ ਡਿਗਰੀਆਂ ਪੜ੍ਹਨ ਦੇ ਅਯੋਗ ਹੋਣਾ | ਲੰਬਕਾਰਾਂ ਤੇ ਦਿਸ਼ਾਤਰਾਂ ਦੀਆਂ ਡਿਗਰੀਆਂ ਪੜ੍ਹਨ ਦੇ ਯੋਗ ਹੋਣਾ ਪਰ ਉਨ੍ਹਾਂ ਨੂੰ ਦਿਸਾਵਾਂ ਨਾਲ ਜੋੜਣ ਦੇ ਅਯੋਗ ਹੋਣਾ | ਮਹੱਤਵਪੂਰਨ ਲੰਬਕਾਰ ਅਤੇ ਦਿਸ਼ਾਂਤਰਾਂ ਅਤੇ ਦਿਸ਼ਾਵਾਂ ਪੜ੍ਹਨ ਦੇ ਯੋਗ ਹੋਣਾ |
| ਲੰਬਕਾਰਾਂ ਅਤੇ ਦੇਸਾਂਤਰਾਂ ਦੀ ਸਹਾਇਤਾ ਨਾਲ ਸਥਾਨ ਲੱਭਣੇ | ਦਿਸ਼ਾਂਤਰਾਂ ਤੇ ਲੰਬਕਾਰਾਂ ਦੀ ਮੱਦਦ ਨਾਲ ਜਗ੍ਹਾ ਲੱਭਣ ਵਿੱਚ ਅਯੋਗ | ਦਿਸ਼ਾਂਤਰਾਂ ਤੇ ਲੰਬਕਾਰਾਂ ਦੀ ਮੱਦਦ ਨਾਲ ਜਗ੍ਹਾ ਲੱਭਣ ਵਿੱਚ ਯੋਗ ਪਰੰਤੂ ਬਹੁਤ ਮੁਸ਼ਕਿਲ ਨਾਲ | ਅਸਾਨੀ ਨਾਲ ਦਿਸ਼ਾਂਤਰਾਂ ਤੇ ਲੰਬਕਾਰਾਂ ਦੀ ਮੱਦਦ ਨਾਲ ਜਗ੍ਹਾ ਲੱਭਣ ਵਿੱਚ ਯੋਗ ਹੋਣਾ। ਮੁੱਖ ਦਿਸ਼ਾਤਰਾਂ ਅਤੇ ਵਿਥਕਾਰਾਂ ਦੀ ਸਹਾਇਤਾ ਨਾਲ ਹੋਰਨਾਂ ਥਾਵਾਂ ਨੂੰ ਲੱਭਣਾ। |
| ਸਹਿਕਾਰਤਾ, ਕ੍ਰਿਆਸ਼ੀਲ ਭਾਗੀਦਾਰੀ ਤੇ ਗਰੁੱਪ ਦੇ ਸਾਰੇ ਮੈਂਬਰਾਂ ਨਾਲ ਹਮਦਰਦੀ | ਭਾਗ ਨਹੀਂ ਲਿਆ | ਗਰੁੱਪ ਦੇ ਸਿਰਫ਼ ਵਿਸ਼ੇਸ ਮੈਂਬਰ ਨਾਲ ਹੀ ਗੱਲਬਾਤ ਕਰਨਾ | ਗੱਲਬਾਤ ਕੀਤੀ, ਭਾਗ ਲਿਆ ਅਤੇ ਦੂਜਿਆਂ ਦੀ ਮੱਦਦ ਲਈ ਪਹਿਲ ਕੀਤੀ |


## ਥੀਮ 2: ਸਰੋਤ:

**ਸਿੱਖਣ ਉਦੇਸ਼**- ਵੱਖ-ਵੱਖ ਸਾਧਨਾਂ ਦੀ ਪਛਾਣ ਕਰਦਾ ਹੈ (ਪੁਰਾਤੱਤਵ ਅਤੇ ਸਾਹਿਤਕ ਆਦਿ) ਅਤੇ ਇਸ ਸਮੇਂ ਦੇ ਇਤਿਹਾਸ ਦਾ ਪੁਨਰ ਨਿਰਮਾਣ ਕਰਨ ਵਿੱਚ ਉਹਨਾਂ ਦੀ ਵਰਤੋ ਕਰਨ ਦਾ ਵਰਨਣ ਕਰਦਾ ਹੈ।

## ਸਮੱਗਰੀ ਦੀ ਰੂਪ ਰੇਖਾ:

ਸਮਾਜਿਕ ਵਿਗਿਆਨ ਦਾ ਗਿਆਨ ਖੇਤਰ ਸਰੋਤਾਂ ਦੇ ਭੰਡਾਰ ਤੇ ਅਧਾਰਿਤ ਹੈ ਜੋ ਸਿੱਖਿਆਰਥੀਆਂ ਨੂੰ ਵੱਖੋ ਵੱਖ ਵਿਸ਼ਿਆਂ ਨੂੰ ਡੂੰਘਾਈ ਨਾਲ ਸਮਝਣ ਦੇ ਯੋਗ ਬਣਾਉਦਾ ਹੈ। ਸ੍ਰੋਤ ਮੁੱਖ ਤੌਰ ਤੇ ਪ੍ਰਾਇਮਰੀ ਅਤੇ ਸੈਕੰਡਰੀ ਹੁੰਦੇ ਹਨ।ਉਹ ਸਿੱਖਿਆਰਥੀਆਂ ਨੂੰ ਸਮੇਂ ਦੇ ਵੱਖ ਵੱਖ ਬਿੰਦੂਆਂ ਤੇ ਕੁਦਰਤ ਦੇ ਨਾਲ ਵਿਅਕਤੀਆਂ ਅਤੇ ਸਮਾਜ ਨਾਲ ਮਨੁੱਖੀ ਪਰਸਪਰ ਪ੍ਰਭਾਵ ਦੇ ਸਬੰਧ ਵਿੱਚ ਡੂੰਘਾਈ ਨਾਲ ਜਾਣਕਾਰੀ ਮਿਲਣ ਵਿਚ ਸਹਾਇਤਾ ਕਰਦੇ ਹਨ। ਸਰੋਤ ਬਹੁਤ ਤਰ੍ਹਾਂ ਦੇ ਹੁੰਦੇ ਹਨ ਪਰ ਤੁਹਾਡੇ ਲਈ ਇਹ ਜਰੂਰੀ ਹੈ ਕਿ ਤੁਸੀਂ ਗਿਆਨ ਖੇਤਰ ਦੇ ਆਧਾਰ ਤੇ ਇਹਨਾਂ ਦੀ ਜਾਣਕਾਰੀ ਹਾਸਲ ਕਰੋ ਤਾਂ ਜੋ ਸਿੱਖਿਆਰਥੀ ਵਿਸ਼ੇ ਦਾ ਨਿਗਰਾਨੀ ਹੇਠ ਸੰਪੂਰਨ ਨਜਰੀਆ ਪ੍ਰਾਪਤ ਕਰ ਸਕਣ। ਤੁਹਾਨੂੰ ਉਹਨਾਂ ਨੂੰ ਅਲੋਚਨਾਤਮਕ ਰੂਪ ਵਿੱਚ ਖੋਜ ਕਰਨ ਲਈ ਉਤਸ਼ਾਹਿਤ ਕਰਨਾ ਚਾਹੀਦਾ ਹੈ ਤਾਂ ਜੋ ਉਹ ਆਪਣੇ ਸਿੱਟੇ ਆਪ ਖੋਜ ਸਕਣ, ਉਹਨਾਂ ਦੀ ਸਹਾਇਤਾ ਕਰਕੇ ਤੁਸੀਂ ਪਿਛਲੇ ਸਮੇਂ ਦੀਆਂ ਵੱਖ ਵੱਖ ਘਟਨਾਵਾਂ ਦੀ ਪੜਚੋਲ ਕਰਨ ਦੀ ਉਨ੍ਹਾਂ ਦੀ ਯਾਤਰਾ ਕਰ ਸਕਦੇ ਹੋ। ਘਟਨਾਵਾਂ ਅਤੇ ਵਰਤਾਰੇ ਦੇ ਕਾਰਨਾਂ ਪ੍ਰਭਾਵਾਂ ਅਤੇ ਨਤੀਜਿਆਂ ਵਿਚਕਾਰ ਆਪਸੀ ਸਬੰਧ ਨੂੰ ਸਮਝ ਸਕਦੇ ਹੋ। ਉਹ ਸਮੇਂ ਅਤੇ ਸਥਾਨ ਦੇ ਨਾਲ ਸਬੰਧ ਵਿੱਚ ਅਤੇ ਅਨੁਸ਼ਾਸ਼ਨ ਵਿੱਚ ਸਬੰਧ ਜੋੜਨ ਦੇ ਯੋਗ ਹੋਣਗੇ।

## ਸਾਧਨਾਂ ਦਾ ਰੇਖਾ ਚਿੱਤਰ:




## ਵਿਦਿਅਕ ਪ੍ਰਕਿਰਿਆਵਾਂ ਦੇ ਸੁਝਾਅ:

ਸ੍ਰੋਤਾਂ ਦੇ ਗਿਆਨ ਖੇਤਰ ਤੇ ਵਿਚਾਰ ਵਟਾਦਰਾ ਕਰਦਿਆਂ ਤੁਸੀਂ ਜਮਾਤ ਦੀ ਸਿਖਿਆ ਨੂੰ ਭਾਗੀਦਾਰ ਬਣਾ ਸਕਦੇ ਹੋ ਅਤੇ ਇਸ ਨੂੰ ਸਿੱਖਿਆਰਥੀਆਂ ਦੇ ਜੀਵਨ ਨਾਲ ਜੋੜ ਕੇ ਉਤਸ਼ਾਹਿਤ ਕਰ ਸਕਦੇ ਹੋ। ਤੁਸੀਂ ਸਿੱਖਿਆਰਥੀਆਂ ਨਾਲ ਲਗਾਤਾਰ ਗੱਲਾਂ ਕਰ ਸਕਦੇ ਹੋ। ਸਮੂਹਾਂ ਵਿੱਚ ਗਤੀਵਿਧੀਆਂ ਆਰੰਭ ਕਰਾ ਸਕਦੇ ਹੋ ਤਾਂ ਜੋ ਉਹ ਸਿਖਿਅਕ ਸ੍ਰੋਤਾਂ ਨੂੰ ਵਧੇਰੇ ਪੜ੍ਹਨ ਲਈ ਪ੍ਰੇਰਿਤ ਹੋਣ, ਸਰੋਤ ਦੀ ਅਲੋਚਨਾਤਮਕ ਚਰਚਾ ਕਰਨ, ਆਪਣੀ ਖੁਦ ਦੀ ਵਿਆਖਿਆ ਨਾਲ ਸਵਾਲਾਂ ਦੀ ਗੰਭੀਰਤਾ ਨਾਲ ਜਾਣਕਾਰੀ ਮੁੱਖ ਭਾਗ ਵਿੱਚ ਸ਼ਾਮਲ ਕਰਨ। ਤੁਸੀਂ ਉਹਨਾਂ ਨੂੰ ਉਹਨਾਂ ਦੇ ਸਥਾਨ ਦੇ ਨੇੜੇ ਅਜਾਇਬ ਘਰ ਜਾਂ ਇਤਿਹਾਸਿਕ ਸਥਾਨ ਤੇ ਲਿਜਾ ਸਕਦੇ ਹੋ।

ਲੋਕ ਖਾਸ ਤੌਰ ਤੇ ਭਾਰਤ ਦੀ ਆਜਾਦੀ ਤੇ ਵੰਡ ਨਾਲ ਜੁੜੀ ਜਾਣਕਾਰੀ ਸਬੰਧ ਵਿੱਚ ਰੋਲ ਅਦਾ ਕਿਸੇ ਵੀ ਹਾਲਤ ਤੇ ਕਰ ਸਕਦੇ ਹਨ। ਜੋ ਬੱਚਿਆਂ ਨੂੰ ਕਿਸੇ ਵੀ ਆਦਮੀ ਜਾਂ ਇਸਤਰੀ ਦੇ ਵਿਅਕਤੀਤਵ ਨੂੰ ਦਰਸਾਉਂਦਾ ਹੈ ਪਰ ਇਹ ਧਿਆਨ ਵਿੱਚ ਰੱਖੋ ਖਾਸ ਤੌਰ ਤੇ ਖਾਸ ਜ਼ਰੂਰਤਾਂ ਵਾਲੇ ਬੱਚੇ, ਤੁਸੀਂ ਨਕਸ਼ੇ ਰੇਖਾ ਚਿੱਤਰ ਬੋਲਣ ਦੀਆਂ ਕਿਤਾਬਾਂ ਅਤੇ ਆਡਿਉ ਵਿਜੁਅਲ ਸਮੱਗਰੀ ਆਦਿ।

## ਸਿੱਖਣ ਦੇ ਉਦੇਸ਼ :

ਵਿੱਦਿਆਰਥੀ ਹੇਠ ਲਿਖੀਆਂ ਗੱਲਾਂ ਦੇ ਯੋਗ ਹੋ ਜਾਵੇਗਾ :

1. ਇਤਿਹਾਸਿਕ ਤੇ ਪੁਰਾਤਤਵ ਸਰੋਤਾਂ ਦੀ ਪਛਾਣ ਕਰਦਾ ਹੈ।
2. ਸਰੋਤਾਂ ਦੀ ਆਪਣੀ ਭਾਸ਼ਾ ਵਿੱਚ ਵਿਆਖਿਆ ਕਰਦਾ ਹੈ।

3. ਵਰਤੇ ਸਾਧਨਾਂ ਦਾ ਮੁਲਾਕਣ ਕਰਦਾ ਹੈ।
4. ਸਮੁੱਚੀ ਤਸਵੀਰ ਪ੍ਰਾਪਤ ਕਰਨ ਲਈ ਕਈ ਸਰੋਤਾਂ ਦੀ ਵਰਤੋਂ ਦੀ ਮਹੱਤਤਾ ਨੂੰ ਪਛਾਣਦਾ ਹੈ।

## ਸਰੋਤਾਂ ਦੀਆਂ ਕਿਸਮਾਂ:

## ਸਾਹਿਤਕ ਸਰੋਤ:

ਤੁਸੀਂ ਸਾਹਿਤਕ ਸਰੋਤਾਂ ਤੇ ਵਿਦਿਆਰਥੀਆਂ ਨੂੰ ਇਹ ਦੱਸ ਕੇ ਵਿਚਾਰ ਵਟਾਦਰੇ ਦੀ ਸ਼ੁਰੂਆਤ ਇਹ ਦੱਸ ਕੇ ਕਰ ਸਕਦੇ ਹੋ ਕਿ ਪਹਿਲੇ ਸਮੇਂ ਵਿੱਚ ਵਿਚਾਰਾਂ ਨੂੰ ਲਿਖਣ ਲਈ ਬਿਰਛ ਦੀਆਂ ਛਿੱਲੜਾਂ ਜਾਂ ਖਜੂਰ ਦੇ ਪੱਤਿਆਂ ਦੀ ਵਰਤੋਂ ਕੀਤੀ ਜਾਂਦੀ ਸੀ ਸਾਡੇ ਇਤਿਹਾਸਕ ਅਤੀਤ ਵਿੱਚ ਵਾਪਰੀਆਂ ਕਈ ਕਿਸਮਾਂ ਦੇ ਦਸਤਾਵੇਜ਼ੀ ਲਿਖਤ ਹੱਥ ਲਿਖਤ ਮੰਦਰਾਂ ਮੱਠਾਂ ਅਜਾਇਬ ਘਰਾਂ ਅਤੇ ਕੁਝ ਪਰਿਵਾਰਾਂ ਨਾਲ ਨਿੱਜੀ ਸੰਗ੍ਰਹਿ ਵਿੱਚ ਉਪਲਬਧ ਹਨ। ਉਹਨਾਂ ਨੇ ਮੁੱਖ ਤੌਰ ਤੇ ਵੱਖ ਵੱਖ ਵਿਸ਼ਿਆਂ ਜਿਵੇਂ ਕਿ ਧਾਰਮਿਕ ਮਾਨਤਾਵਾਂ ਰਾਜਿਆਂ ਦੀ ਜਿੰਦਗੀ, ਪ੍ਰਬੰਧਕੀ ਮਾਮਲੇ, ਵਿਗਿਆਨ, ਸਿੱਖਿਆ ਅਤੇ ਹੋਰ ਬਹੁਤ ਸਾਰੇ ਕੰਮ ਕੀਤੇ ਇਹ ਸੰਸਕ੍ਰਿਤ ਪ੍ਰਾਕ੍ਰਿਤ, ਤਮਿਲ ਅਤੇ ਹੋਰ ਸਥਾਨਿਕ ਭਾਸ਼ਵਾਂ ਵਿੱਚ ਲਿਖੇ ਗਏ ਸਨ। ਗਤੀਵਿਧੀ ਜੋ ਇਕਲੇ, ਜੋੜਿਆਂ, ਸਮੂਹਾਂ ਵਿੱਚ ਕੀਤੀ ਜਾ ਸਕਦੀ ਹੈ।



## ਕਿਰਆ ਜੋ ਇਕੱਲੇ, ਜੋੜੇ ਜਾਂ ਗਰੁੱਪਾਂ ਵਿੱਚ ਕੀਤੀ ਜਾ ਸਕਦੀ ਹੈ

ਕੀ ਤੁਸੀਂ ਖਰੜਾ ਵੇਖਿਆ ਹੈ?
ਤੁਸੀਂ ਇਹ ਕਿਥੇ ਵੇਖਿਆ?
ਕਿਹੜੀ ਸਮੱਗਰੀ ਦੀ ਵਰਤੋ ਕੀਤੀ ਗਈ ਹੈ?
ਲਿਖਣ ਲਈ ਹੋਰ ਕਿਹੜੀ ਸਮੱਗਰੀ ਵਰਤੀ ਗਈ ਹੈ?
ਆਪਣੇ ਵਿਚਾਰ ਲਿਖਣ ਲਈ ਕਿਹੜੇ ਸਾਧਨ ਵਰਤੋਗੇ?
ਇਕ ਟਾਈਮ ਲਾਈਨ ਦੀ ਰਚਨਾ ਕਰੋ ਜਿਸ ਵਿੱਚ ਸਮੇਂ ਦੇ ਨਾਲ ਸਮੱਗਰੀ ਵਿੱਚ ਤਬਦੀਲੀ ਆਈ ਹੈ?

ਜਿਵੇਂ ਹੀ ਮੁਨੱਖ ਨੂੰ ਧਾਤਾਂ ਦਾ ਗਿਆਨ ਹੋਇਆ, ਹੌਲੀ ਹੌਲੀ ਸਾਹਿਤਕ ਰਚਨਾਵਾਂ ਦੇ ਵੱਖ ਵੱਖ ਰੂਪ ਇਹਨਾਂ ਉੱਪਰ ਲਿਖੇ ਜਾਣ ਲੱਗੇ ਜਿਵੇ ਕਿ ਤਾਂਬਾ, ਕਾਂਸੀ ਅਤੇ ਇਸ ਤਰ੍ਹਾਂ ਚਲਦੇ ਚਲਦੇ ਕਾਗਜ ਉੱਪਰ ਸਾਹਿਤਕ ਰਚਨਾਵਾਂ ਕਈ ਪ੍ਰਕਾਰ ਦੀਆਂ ਸਨ, ਉਹ ਧਾਰਮਿਕ ਲਿਖਤਾਂ ਪਰਬੰਧਕੀ ਕਾਗਜਾਤ, ਸਿੱਖਿਆ ਨਾਲ ਸਬੰਧਤ ਅਤੇ ਵੱਖ ਵੱਖ ਮਸਲਿਆਂ ਨਾਲ ਸਬਧੰਤ ਸਨ। ਇਹ ਲਿਖਤਾਂ ਵੱਖ ਵੱਖ ਭਾਸ਼ਾਵਾਂ ਵਿੱਚ ਸਨ ਅਤੇ ਸਾਹਿਤ ਦੇ ਵੱਕ ਵੱਖ ਰੂਪ ਵਿੱਚ ਢਲੀਆਂ ਸਨ। ਕੁਝ ਵਾਰਤਕ ,ਕਵਿਤਾਵਾਂ, ਕਹਾਣੀਆਂ, ਸੰਵਾਦ ਅਤੇ ਇਸ ਤਰਾਂ ਦੇ ਹੋਰ ਰੂਪਾਂ ਵਿੱਚ ਸਨ। ਸਾਡੀ ਮਹੱਤਵਪੂਰਨ ਕਾਨੂੰਨ ਦੀਆਂ ਕਿਤਾਬਾਂ ਵਿੱਚੋਂ ਕੁਝ ਇੱਕ ਧਰਮ ਸੂਤਰ ਅਤੇ ਸਮ੍ਰਿਤੀਆਂ ਸਨ। ਇਹਨਾਂ ਵਿੱਚ ਰਾਜਿਆਂ, ਲੋਕਾਂ ਦੇ ਫਰਜ ਦਰਜ ਹਨ। ਇਹ ਜਾਇਦਾਦ ਨਾਲ ਸਬੰਧਤ ਮਸਲਿਆਂ ਅਤੇ ਨਾਗਰਿਕ ਉੱਤੇ ਜੁਰਮ ਨਸਲ ਸਬੰਧਤ ਮਸਲਿਆਂ ਨੂੰ ਸਬੋਧਿਤ ਕਰਨ ਲਈ ਨਿਰਧਾਰਿਤ ਹਨ। ਪ੍ਰਬੰਧ ਦੇ ਖੇਤਰ ਵਿੱਚ ਕੌਟਲਿਆ ਦਾ ਅਰਥ ਸ਼ਾਸ਼ਤਰ ਇੱਕ ਜਾਣਿਆ ਪਛਾਣਿਆ ਕੰਮ ਹੈ। ਇਸ ਪ੍ਰਕਾਰ ਦਵਾਈਆਂ ਦੇ ਖੇਤਰ ਵਿੱਚ ਚਰਕ ਦੀ ਲਿਖੀ 'ਚਰਕ ਸੰਹਿਤਾ' ਅਤੇ ਅਪਰੇਸ਼ਨ ਵਿਧੀਆਂ ਨੂੰ ਉਘਾੜਦੀ ਹੈ। ਸੁਸਰਤਾ ਸੰਹਿਤਾ ਦੀ ਉਦਾਹਰਣ ਦੇ ਸਕਦੇ ਹੋ ਇਹ ਉਦਾਹਰਣਾਂ ਜਾਂਚ ਅਧੀਨ ਭਾਵ ਲੋੜ ਅਨੁਸਾਰ ਜੋੜੀਆਂ ਜਾ ਸਕਦੀਆਂ ਹਨ। ਪੜਾਉਣਾ ਅਤੇ ਸਿੱਖਣ ਦੀ ਪ੍ਰਕ੍ਰਿਆ ਵਿੱਚ ਤੁਸੀਂ ਕਿਤਾਬ ਵਿੱਚੋਂ ਕਿਸੇ ਵੀ ਵਿਸ਼ੇ ਤੇ ਵਿਚਾਰ ਵਟਾਂਦਰਾ ਕਰ ਸਕਦੇ ਹੋ ਅਤੇ ਇਹ ਜਾਨਣ ਦੀ ਕੋਸ਼ਿਸ਼ ਕਰ ਸਕਦੇ ਹੋ ਕਿ ਲਿਖਤ ਕੀ ਜਾਣਕਾਰੀ ਦਿੰਦੀ ਹੈ। ਤੁਸੀਂ ਉਹਨਾਂ ਨਾਲ ਕੁਝ ਅਜਿਹੇ ਸਾਹਿਤ ਰੂਪ ਵੀ ਵਿਚਾਰ ਸਕਦੇ ਹੋ ਜੋ ਕਿ ਔਰਤਾਂ ਦੁਆਰਾ ਲਿਖੇ ਹਨ ਜਿਵੇਂ ਕਿ ਸੰਤ ਇਸਤਰੀ ਕਵੀ ਅੰਦਲ ਦੁਆਰਾ ਲਿਖੀ 'ਥਿਰੂਪਵਈ' ਅਤੇ 'ਨਚੀਅਰ ਥਿਰੂਮੋਜੀ' ਅਤੇ ਮੀਰਾਬਾਈ ਦੁਆਰਾ ਲਿਖੀ 'ਪਦਾਵਲੀ'। ਇਹ ਰਚਨਾ ਉਸ ਸਮਾਜ ਦੀ ਤਸਵੀਰ ਦਿਖਾਉਦੀਆਂ

ਹਨ ਜਿਸ ਵਿੱਚ ਉਹ ਰਹਿੰਦੇ ਸਨ ਅਤੇ ਰਚਨਾ ਕਰਦੇ ਸਨ। ਸੰਤ ਕਵੀਆਂ ਦੇ ਕੰਮ ਖੇਤਰੀ ਭਾਸ਼ਾਵਾਂ ਅਤੇ ਸਾਹਿਤ ਨੂੰ ਅਮੀਰ ਬਣਾਉਂਦੇ ਸਨ ਜੋ ਕਿ ਸਾਡੇ ਸਾਹਿਤ ਅਤੇ ਸੱਭਿਆਚਾਰ ਨੂੰ ਮਜਬੂਤ ਬਣਾਉਣ ਵਿਚ ਯੋਗਦਾਨ ਦਿੰਦੇ ਸਨ। ਉੱਤਰੀ ਅਤੇ ਦੱਖਣੀ ਭਾਰਤ ਦੇ ਬਹੁਤ ਸਾਰੇ ਮੰਦਰ ਔਰਤ ਸੰਤਾਂ ਨੂੰ ਸਮਰਪਿਤ ਹਨ।ਔਰਤ ਅਤੇ ਮਰਦ ਸੰਤਾਂ ਦੁਆਰਾ ਵਰਤੇ ਗਏ ਸੰਗੀਤ ਸਾਜ ਅੱਜ ਵੀ ਸਮੁਦਾਇ ਦੀ ਗਾਇਨ ਵਿੱਚ ਪ੍ਰਸਿੱਧ ਹਨ।

ਕੁਝ ਮਹੱਤਵਪੂਰਨ ਲਿਖਤਾਂ ਜਿਵੇਂ ਕਿ ਤਾਮਿਲ ਮਹਾਕਾਵਿ 'ਸਿਲੱਪਦੀਕਰਨ'ਵਿੱਚ ਔਰਤਾਂ ਦਾ ਵੀ ਵਰਨਣ ਮਿਲਦਾ ਹੈ। ਮਹਾਨ ਦਾਰਸ਼ਨਿਕ ਲਿਖਤਾਂ ਜਿਵੇਂ ਉਪਨਿਸ਼ਦਾਂ ਵਿੱਚ ਵੀ ਔਰਤ ਵਿਚਾਰਕਾਂ ਜਿਵੇਂ ਕਿ ਗਾਰਗੀ ਦਾ ਜਿਕਰ ਮਿਲਦਾ ਹੈ। ਉਹ ਇੱਕ ਮਹਾਨ ਵਿਦਵਾਨ ਸੀ ਅਤੇ ਸ਼ਾਹੀ ਦਰਬਾਰ ਵਿੱਚ ਹੋਣ ਵਾਲੀ ਬਹਿਸ ਵਿੱਚ ਭਾਗ ਲਿਆ ਕਰਦੀ ਸੀ। ਸਾਹਿਤਕ ਲਿਖਤਾਂ ਵਿੱਚ ਬਹੁਤ ਸਾਰੇ ਸ਼ਾਸ਼ਕਾਂ ਦੀਆਂ ਜੀਵਨ ਕਥਾਵਾਂ ਵੀ ਸ਼ਾਮਲ ਹਨ। ਬਹੁਤ ਸਾਰੇ ਲੇਖਕ ਸ਼ਾਹੀ ਬ੍ਰਿਤਾਂਤ ਵੀ ਲਿਖਦੇ ਸਨ। ਬਾਣ ਭੱਟ ਨੇ 'ਹਰਸ਼ਚਰਿਤ' ਲਿਖੀ। ਬਿਹਾਨਾ ਨੇ ਵਿਕਰਮਾਦਿਤ ਬਾਰੇ ਲਿਖਿਆਂ ਅਤੇ ਕਲਹਣ ਨੇ ਰਾਜ ਤਰੰਗਣੀ ਜਿਹੜੀ ਕੀ ਕਸ਼ਮੀਰ ਦੀ ਕਹਾਣੀ ਸੀ। ਚੰਦ ਬਰਦਾਈ ਨੇ 'ਪ੍ਰਿਥਵੀਰਾਜ ਚਰਿਤ' ਲਿਖੀ। ਤੁਸੀਂ ਪ੍ਰਾਚੀਨ ਭਾਰਤ ਦੇ ਸ਼ਾਸਕਾਂ ਬਾਰੇ ਵਿਚਾਰ ਕਰਦੇ ਹੋਏ ਇਸ ਲਿਸਟ ਵਿੱਚ ਬਹੁਤ ਸਾਰੇ ਨਾਮ ਸ਼ਾਮਿਲ ਕਰ ਸਕਦੇ ਹੋ। ਤੁਸੀਂ ਵਿਦਿਆਰਥੀਆਂ ਨੂੰ ਸਾਹਿਤਕ ਰਚਨਾਵਾਂ ਦੇ ਨਾਲ ਨਾਲ ਇਤਿਹਾਸਕ ਵਸਤਾਂ ਦੇ ਵਿਗਿਆਨ ਵਰਗੇ ਹੋਰ ਸੋਮਿਆਂ ਨੂੰ ਪੜਨ ਦੀ ਵੀ ਪ੍ਰੇਰਣਾ ਦੇ ਸਕਦੇ ਹੋ ਤਾਂ ਜੋ ਉਹਨਾਂ ਨੂੰ ਸਾਡੇ ਭੂਤਕਾਲ ਦੀ ਪੂਰੀ ਤਸਵੀਰ ਪਤਾ ਲਗ ਸਕੇ।

### ਲੜਕੇ ਅਤੇ ਲੜਕੀਆਂ ਦੇ ਸਾਂਝੇ ਗਰੁੱਪ ਵਿੱਚ ਐਕਟੀਵਿਟੀ

| ਲੜੀ ਨੰ: | ਲੇਖਕ | ਕੰਮ | ਕਿਸ ਸਮੇਂ ਨਾਲ ਸਬੰਧਤ ਹੈ |
|---|---|---|---|
| | | | |
| | | | |

**ਸਮੇਂ-ਸਮੇਂ ਤੇ ਹਿੰਦੁਸਤਾਨ ਉਪ-ਮਹਾਂਦੀਪ ਦੇ ਦੌਰੇ ਤੇ ਆਏ ਲੋਕਾਂ ਦੇ ਖਾਤੇ/ਵੇਰਵੇ (ਹਿਸਾਬ)**

ਹਿੰਦੁਸਤਾਨ ਉਪ-ਮਹਾਂਦੀਪ ਤੇ ਲੋਕਾਂ ਵੱਲੋਂ ਸਮੇਂ-ਸਮੇਂ ਤੇ ਦੌਰਾ ਕੀਤਾ ਗਿਆ। ਉਹਨਾਂ ਦੇ ਦੌਰੇ ਦਾ ਮਕਸਦ ਭਿੰਨ-ਭਿੰਨ ਸੀ। ਕੁੱਝ ਯਾਤਰੀਆਂ ਦੇ ਦੌਰੇ ਤੇ ਆਉਣ ਦਾ ਤਾਂ ਮਕਸਦ ਸੀ ਅਤੇ ਕੁੱਝ ਇਥੋਂ ਦੀਆਂ ਨਾਮਵਰ ਵਿਸ਼ਵ ਵਿਦਿਆਲੇ ਤਕਸ਼ਿਲਾਂ ਅਤੇ ਨਲੰਦਾਂ ਦੇ ਦਾਖਲ ਹੋਣ ਦੀ ਚਾਹਤ ਨੂੰ ਲੈ ਕੇ ਆਏ। ਉਹ ਜੋ ਬੋਧੀ ਧਾਰਮਿਕ ਯਾਤਰੀ ਇਥੇ ਬੁੱਧ ਧਰਮ ਦੀ ਹੋਰ ਜ਼ਿਆਦਾ ਗਿਆਨ ਦੀ ਖੋਜ 'ਚ ਆਏ ਉਹਨਾਂ ਨੇ ਆਪਣੀਆਂ ਲਿਖਤਾਂ 'ਚ ਇਥੋਂ ਬਾਰੇ ਕਾਫੀ ਲੇਖਾ-ਜੋਖਾ ਦਿੱਤਾ। ਸਾਰੇ ਯਾਤਰੀ ਜੋ ਹਿੰਦੁਸਤਾਨ ਦੇ ਦੌਰੇ 'ਤੇ ਆਏ ਉਹਨਾਂ ਨੇ ਆਪਣੀਆਂ ਲਿਖਤਾਂ ਵਿਚ ਹਿੰਦੁਸਤਾਨ ਦੇ ਸੱਭਿਆਚਾਰ, ਵਿਰਾਸਤ, ਸਿੱਖਿਆ ਪ੍ਰਣਾਲੀ, ਧਰਮ ਅਤੇ ਸਮਾਜ ਅਤੇ ਇਥੋਂ ਦੇ ਹਾਕਮਾਂ ਦਾ ਚੋਖਾ ਲੇਖਾ ਜੋਖਾ ਦਿੱਤਾ। ਉਹਨਾਂ ਦੀਆਂ ਲਿਖਤਾਂ ਸਾਡੇ ਅਤੀਤ ਨੂੰ ਜਾਨਣ ਦਾ ਇਕ ਵਧੀਆ ਸਾਧਨ ਹੈ। ਪੜ੍ਹਨ ਅਤੇ ਪੜਾਉਣ ਦੀ ਕਿਰਿਆ ਵਿਚ ਤੁਹਾਨੂੰ ਇਹ ਵਿਸਥਾਰ ਨਾਲ ਦੱਸਣਾ ਪਵੇਗਾ ਕਿ ਇਹਨਾਂ ਯਾਤਰੀਆਂ ਤੋਂ ਪ੍ਰਾਪਤ ਹੋਏ ਸਾਧਨਾਂ ਜਾਂ ਵਸੀਲਿਆਂ ਦੀ ਵੀ ਵਰਤੋਂ ਕਰਨੀ ਪਵੇਗੀ ਕਿਉਂ ਜੋ ਇਹ ਯਾਤਰੀ ਸਮਾਜ ਨੂੰ ਆਪਣੀ ਦਿਲਚਸਪੀ ਦੀ ਕਿਸੇ ਘਟਨਾ ਨੂੰ ਆਪਣੇ ਨਜਰੀਏ ਨਾਲ ਦੇਖਦੇ ਸਨ। ਇਸ ਲਈ ਇਹਨਾਂ ਦੇ ਕੰਮਾਂ ਨੂੰ ਹਮੇਸ਼ਾ ਪੂਰੀ ਤਰਾਂ ਪ੍ਰਮਾਣਿਕ ਜਾਣਕਾਰੀ ਦਾ ਸਾਧਨ ਮੰਨਿਆ ਜਾ ਸਕਦਾ ਹੈ। ਤੁਸੀਂ ਯੂਨਾਨੀ ਰਾਜਦੂਤ ਮੈਗਸਥਨੀਜ਼ ਜੋ ਚੰਦਰਗੁਪਤ ਮੌਰਿਆ ਦੇ ਦਰਬਾਰ ਵਿੱਚ ਸੀ ਅਤੇ ਜਿਸਨੇ ਮਸ਼ਹੂਰ ਕਿਤਾਬ 'ਇੰਡੀਕਾ' ਲਿਖੀ ਨੂੰ ਉਦਾਹਰਣ ਦੇ ਤੌਰ ਤੇ ਲੈ ਸਕਦਾ ਹੈ। ਭਾਵੇਂ ਇਹ ਕਿਤਾਬ ਅਲੋਪ ਹੋ ਚੁੱਕੀ ਹੈ, ਪਰ ਇਸਦੇ ਕੁੱਝ ਹਿੱਸੇ ਹੋਰ ਯੂਨਾਨੀ ਲੇਖਕਾਂ ਦੀਆਂ ਲਿਖਤਾਂ ਵਿੱਚ ਮਿਲਦੇ ਹਨ ।

ਕਈ ਚੀਨੀ ਯਾਤਰੀ ਭਾਰਤ ਆਏ। ਫਾਹਿਯਾਨ 1600 ਸਾਲ ਪਹਿਲਾਂ ਗੁਪਤ ਕਾਲ ਸਮੇਂ ਭਾਰਤ ਆਇਆ। ਸੁਆਨ ਜੈਂਗ ਨੇ ਕਾਫੀ ਸਮਾਂ ਹਰਸ਼ ਦੀ ਕਚਹਿਰੀ ਵਿੱਚ ਲਗਾਇਆ। ਉਸ ਨੇ ਸੰਸਕ੍ਰਿਤ ਦਾ ਕਾਫੀ ਸਾਹਿਤ ਚੀਨੀ ਭਾਸ਼ਾ ਵਿੱਚ ਅਨੁਵਾਦ ਕੀਤਾ। ਉਹ ਨਲੰਦਾ ਵਿੱਚ ਪੜ੍ਹਿਆ ਅਤੇ ਆਪਣੇ ਅਨੁਭਵਾਂ ਨੂੰ ਲਿਖਿਆ। ਹੋਰ ਯਾਤਰੀ ਜੋ ਬਾਅਦ ਵਿੱਚ ਭਾਰਤ ਆਇਆ ਉਹ ਅਲਬਰੂਨੀ ਸੀ। ਕਿਤਾਬ 'ਉਲ ਹਿੰਦ' ਉਸਦੀ ਪ੍ਰਸਿੱਧ ਪੁਸਤਕ ਸੀ ਜਿਸ ਵਿੱਚ ਲੋਕਾਂ ਉੱਤੇ ਸਮਾਜ ਬਾਰੇ ਮਹੱਤਵਪੂਰਨ ਤੱਥ ਦੀ ਜਾਣਕਾਰੀ ਮਿਲਦੀ ਹੈ। ਤੁਸੀਂ ਵਿਦਿਆਰਥੀਆਂ ਤੋਂ ਹੋਰ ਯਾਤਰੀਆਂ ਬਾਰੇ ਜਾਣਕਾਰੀ ਇਕੱਠੀ ਕਰਨ ਲਈ ਕਹਿ ਸਕਦੇ ਹੋ।

## ਲੜਕੇ ਅਤੇ ਲੜਕੀਆਂ ਦੇ ਆਪਣੇ ਗਰੁੱਪਾਂ ਵਿੱਚ ਐਕਟੀਵਿਟੀ

| ਯਾਤਰੀ ਜੋ ਭਾਰਤੀ ਉਪ ਮਹਾਦੀਪ ਦੇਖਣ ਆਏ | ਆਉਣ ਦਾ ਸਮਾਂ | ਲਿਖਤਾਂ | ਯਾਤਰਾ ਦੇ ਮੁੱਖ ਅੰਸ਼ |
|---|---|---|---|
| | | | |
| | | | |

**ਸਿੱਕਿਆਂ ਦੀ ਵਿੱਦਿਆ (Numismatic)**


ਇਹ ਸਿੱਕਿਆਂ, ਪੇਪਰ ਨੋਟ ਅਤੇ ਟੋਕਨਾਂ ਦੀ ਵਿੱਦਿਆ ਹੈ। ਇਹ ਲੋਕਾਂ ਦੀ ਆਰਥਿਕ ਸਥਿਤੀ ਤੇ ਚਾਨਣਾ ਪਾਉਂਦੀ ਹੈ। ਕੀਮਤੀ ਸਿੱਕਿਆਂ ਦਾ ਵੱਡੀ ਮਾਤਰਾ ਵਿੱਚ ਪ੍ਰਚਲਣ ਅਤੇ ਪਸਾਰ ਲੋਕਾਂ ਦੇ ਉਸ ਸਮੇਂ ਦੇ ਆਰਥਿਕ ਹਾਲਤਾਂ ਨੂੰ ਦਰਸਾਉਂਦਾ ਹੈ। ਸਾਡੇ ਪੁਰਾਤਨ ਸਮੇਂ ਵਿੱਚ ਵਰਤੇ ਜਾਣ ਵਾਲੇ ਸਿੱਕੇ ਕੀਮਤੀ ਧਾਤਾਂ ਜਿਵੇਂ ਸੋਨਾ, ਚਾਂਦੀ  ਤਾਂਬੇ ਦੇ ਸਿੱਕੇ ਬਣੇ ਸਨ ਅਤੇ ਫਿਰ ਕਾਗਜ ਦੀ ਕਰੰਸੀ ਹੋਂਦ ਵਿੱਚ ਆਈ।

ਸਭ ਤੋਂ ਪਹਿਲਾਂ ਵਰਤੇ ਜਾਣ ਵਾਲੇ ਸਿੱਕੇ ਪੰਚ-ਨਿਸ਼ਾਨਬੰਧ ਸਿੱਕੇ ਸਨ ਜੋ ਕਿ ਆਮ ਤੌਰ ਤੇ ਵਰਗਾਕਾਰ ਜਾਂ ਗੋਲ ਹੁੰਦੇ ਸਨ। ਬਾਅਦ ਵਿੱਚ ਜਾਰੀ ਬਹੁਤੇ ਸਿੱਕੇ ਉਸ ਸਮੇਂ ਦੇ ਰਾਜਕਾਰਤਾ ਦੇਸ਼ਾਂ ਦੇ ਸਨ ਅਤੇ ਬਹੁਤਿਆਂ ਉੱਪਰ ਉਸ ਸਮੇਂ ਦੇ ਰਾਜਿਆਂ ਦੇ ਨਾਮ ਉੱਕਰੇ ਹੋਏ ਸਨ। ਤੁਸੀਂ ਮਿਊਜ਼ੀਅਮ ਦੇ ਵਿੱਚ ਗੁਪਤ, ਕੁਸ਼ਾਨ ਜਾਂ ਬਾਅਦ ਵਾਲੇ ਰਾਜਿਆਂ ਨਾਲ ਸਬੰਧਤ ਸਿੱਕੇ ਦੇਖੇ ਹੋਣਗੇ। ਕੁਝ ਰੌਚਕ ਜਾਣਕਾਰੀ ਤੁਸੀਂ ਸਿਖਿਆਰਥੀਆਂ ਨਾਲ ਸਾਂਝੀ ਕਰ ਸਕਦੇ ਹੋ।

ਤੁਸੀਂ ਇਹ ਉਦਾਹਰਣ ਵੀ ਦੇ ਸਕਦੇ ਹੋ ਕਿ ਜਹਾਂਗੀਰ ਨੇ ਚਾਂਦੀ ਦੇ ਸਿੱਕਿਆਂ ਦੇ ਇਕ ਪਾਸੇ ਆਪਣਾ ਨਾਮ ਉਕਾਰਇਆ ਅਤੇ ਸਿੱਕੇ ਦੇ ਦੂਸਰੇ ਪਾਸੇ ਰਾਣੀ ਨੂਰਜਹਾਂ ਦਾ ਨਾਮ ਉਕਰਾਇਆ ਹੋਇਆ ਸੀ।

ਕੁਝ ਸਿੱਕਿਆਂ ਉੱਪਰ ਧਾਰਮਿਕ ਅਤੇ ਬਹੁ ਚਰਚਿਤ ਚਿੰਨ ਬਣੇ ਹੋਏ ਹੁੰਦੇ ਹਨ।ਤੁਸੀਂ ਇਸ ਵਿਸ਼ੇ ਨੂੰ ਹੇਠ ਲਿਖੀਆਂ ਗਤੀਵਿਧੀਆਂ ਨਾਲ ਜਾਰੀ ਰੱਖ ਸਕਦੇ ਹੋ।






*An Indo-Greek coinA Kushana coin*





*Punch-marked coinA Shaka coin*





*A Satavahana coinSilver coin bearing the name of Queen Nur Jahan*

*Our Pasts – I: Textbook in History for Class VI, (2017), NCERT, Pages 86, 92*

*Our Pasts – II: Textbook in History for Class VII, (2019), NCERT, p. 54*

### ਇਹ ਕਿਰਿਆ ਵਿਦਿਆਰਥੀਆਂ ਦੇ ਗਰੁੱਪ ਜਾਂ ਜੋੜੇ ਬਣਾ ਕੇ ਕੀਤੀ ਜਾ ਸਕਦੀ ਹੈ ।

ਅਧਿਆਪਕ ਵਿਦਿਆਰਥੀਆਂ ਨੂੰ ਵਰਤਮਾਨ ਕਾਲ ਦੇ ਸਿੱਕੇ ਦਿਖਾਉਂਦੇ ਹੋਏ ਪ੍ਰਸ਼ਨ ਪੁੱਛ ਸਕਦਾ ਹੈ :

- ਪੜ੍ਹੋ ਇਹਨਾਂ ਸਿੱਕਿਆਂ ਉੱਤੇ ਕੀ ਲਿਖਿਆ ਹੈ?
- ਕਿਹੜੇ ਚਿੰਨ੍ਹਾਂ ਦੀ ਵਰਤੋਂ ਕੀਤੀ ਗਈ ਹੈ?
- ਕਿਹੜੇ ਕਲਾਤਮਿਕ ਦ੍ਰਿਸ਼ਾਂ ਨੂੰ ਉਭਾਰਿਆ ਗਿਆ ਹੈ?
- ਕਿਹੜੀ ਧਾਤ ਦੀ ਵਰਤੋਂ ਕੀਤੀ ਗਈ ਹੈ?
- ਯਾਦਗਾਰੀ ਸਿੱਕਾ ਲੱਭੋ।
- ਕੀ ਸਿਖ਼ਿਆਰਥੀ ਕਿਸੇ ਅਜਿਹੀ ਸਖਸ਼ੀਅਤ ਦਾ ਨਾਂ ਦੱਸ ਸਕਦੇ ਹਨ ਜਿਸਦੇ ਨਾਂਮ ਤੇ ਸਿੱਕਾ ਜਾਰੀ ਕੀਤਾ ਗਿਆ ਹੈ?

**ਸ਼ਿਲਾਲੇਖ**

ਸ਼ਿਲਾਲੇਖ ਦਾ ਅਧਿਐਨ ਪੁਰਾਲੇਖ ਸ਼ਾਸ਼ਤਰ ਕਹਾਉਂਦਾ ਹੈ। ਪੁਰਾਤਨ ਸ਼ਿਲਾਲੇਖ ਚੱਟਾਨਾਂ, ਥੰਮਾਂ, ਪੱਥਰਾਂ ਦੀਆਂ ਸਲੈਬਾਂ, ਦੀਵਾਰਾਂ, ਇਮਾਰਤਾਂ, ਸਮਾਰਕਾਂ ਮੰਦਿਰਾਂ 'ਤੇ ਖੁਣੇ/ਉਕਰੇ ਗਏ ਸਨ। ਸ਼ਿਲਾਲੇਖ ਸਾਨੂੰ ਭਿੰਨ-ਭਿੰਨ ਸੁਨੇਹੇ ਪ੍ਰਦਾਨ ਕਰਦੇ ਹਨ ।ਅਧਿਆਪਕ, ਅਸ਼ੋਕ ਦੇ ਸ਼ਿਲਾਲੇਖਾਂ ਦੇ ਉਦਾਹਰਣ ਦੇ ਸਕਦਾ ਹੈ, ਜੋ ਦੇਸ਼ ਦੇ ਵੱਖ-ਵੱਖ ਹਿੱਸਿਆਂ ਵਿੱਚ ਹਨ। ਅਸ਼ੋਕ ਦੇ ਜ਼ਿਆਦਾਤਰ ਸਤੰਭ ਪ੍ਰਾਕ੍ਰਿਤ ਭਾਸ਼ਾ ਅਤੇ ਬ੍ਰਹਮੀ ਲਿੱਪੀ ਵਿੱਚ ਲਿਖੇ ਗਏ ਹਨ। ਅਧਿਆਪਕ ਇਹ ਵੀ ਦੱਸ ਸਕਦਾ ਹੈ ਕਿ ਉੱਸ ਦੇ ਸ਼ਿਲਾਲੇਖ ਕੰਧਾਰ(ਪਾਕਿਸਤਾਨ), ਅਫਗਾਨਿਸਤਾਨ ਵਿੱਚ ਖਰੋਸ਼ਤੀ ਲਿੱਪੀ ਵਿੱਚ ਵੀ ਮਿਲੇ ਹਨ। ਅਧਿਆਪਕ ਇਸ ਤੋਂ ਇਲਾਵਾ ਇਹਨਾਂ ਦੀਆਂ ਤਸਵੀਰਾਂ, ਕਲਾਤਮਕ ਦ੍ਰਿਸ਼ ਅਤੇ ਈ ਸਰੋਤ ਦੀ ਵਰਤੋਂ ਕਰ ਸਕਦਾ ਹੈ। ਵਿਦਿਆਰਥੀਆਂ ਦਾ ਉਤਸ਼ਾਹ ਵਧਾਉਣ ਲਈ ਉਹਨਾਂ ਨੂੰ ਆਪਣੇ ਵਿਚਾਰਾਂ ਨੂੰ ਦੋ ਭਸ਼ਾਵਾਂ ਵਿੱਚ ਲਿਖਣ ਲਈ ਕਹਿ ਸਕਦਾ ਹੈ। ਅਧਿਆਪਕ ਉਹਨਾਂ ਨੂੰ ਹੇਠ ਲਿਖੀਆਂ ਗਤੀਵਿਧੀਆਂ ਦੇ ਸਕਦਾ ਹੈ :

- ਪ੍ਰੋਜੈਕਟ ਲਈ ਥੀਮ ਦੀ ਪਹਿਚਾਨ ਕਰਨਾ।
- ਸਥਾਨਕ ਪੱਧਰ ਤੇ ਸਾਧਨਾਂ ਦੀ ਪੜਚੋਲ/ਭਾਲ ਕਰਨਾ।
- ਇਨ੍ਹਾਂ ਦਾ ਸਮੇਂ ਤੇ ਥੀਮ ਅਨੁਸਾਰ ਵਰਗੀਕਰਨ ਕਰਨਾ।
- ਭਾਰਤ ਛੱਡੋ ਅੰਦੋਲਨ ਜਾਂ ਵੰਡ ਦੇ ਸਮੇਂ ਦੇ ਲੋਕਾਂ ਦੀਆਂ ਕਹਾਣੀਆਂ/ਗੱਲਾਂ ਨੂੰ ਇਕੱਠਾ ਕਰਨਾ।

ਇਸ ਨਾਲ ਵਿਦਿਆਰਥੀ ਇੰਨ੍ਹਾਂ ਸ੍ਰੋਤਾਂ ਦੀ ਮਹੱਤਤਾ ਬਾਰੇ ਜਾਣ ਸਕਣਗੇ।ਇਹ ਸ੍ਰੋਤ ਸਾਨੂੰ ਸਾਡੇ ਸੱਭਿਆਚਾਰਕ ਪਿਛੋਕੜ, ਇਸ ਦੀਆਂ ਵਿਭਿਨਤਾਵਾਂ, ਵਿਲੱਖਣਤਾਵਾਂ, ਸੱਭਿਆਚਾਰਕ ਵਿਰਾਸਤ ਦੇ ਅਮੀਰ ਭੰਡਾਰਾਂ ਪੁਰਾਤੱਤਵ ਅਵਸ਼ੇਸ਼ਾਂ ਦੀ ਕਲਾਕਾਰੀ, ਵਸਤੂਆਂ ਅਤੇ ਇਮਾਰਤਾਂ ਬਾਰੇ ਮਹੱਤਵਪੂਰਨ ਸਮਝ ਪੈਦਾ ਕਰਨਗੇ।

ਵਿਦਿਆਰਥੀਆਂ ਦਾ ਮੁਲਾਂਕਣ ਉਹਨਾਂ ਨੂੰ ਪ੍ਰੋਜੈਕਟ, ਲੇਖ ਅਤੇ ਛੋਟੇ ਪ੍ਰਸ਼ਨ-ਉੱਤਰਾਂ ਦੁਆਰਾ ਕੀਤਾ ਜਾ ਸਕਦਾ ਹੈ। ਵਿਦਿਆਰਥੀਆਂ ਨੂੰ ਉਤਸ਼ਾਹਿਤ ਕਰਨ ਲਈ ਉਹਨਾਂ ਨੂੰ ਇਸ ਸਬੰਧੀ ਆਪਣੇ ਵਿਚਾਰਾਂ ਨੂੰ ਮਾਤ ਭਾਸ਼ਾ ਵਿੱਚ ਲਿਖਣ ਲਈ ਕਿਹਾ ਸਕਦਾ ਹੈ।

| ਮੁਲਾਂਕਣ ਮਾਪਦੰਡ | ਕੀ ਕੁੱਝ | ਚੰਗਾ | ਬਹੁਤ ਚੰਗਾ | ਸਭ ਤੋਂ ਚੰਗਾ |
|---|---|---|---|---|
| ਪ੍ਰਸੰਗ | ਮੁਸ਼ਕਿਲ ਗਿਆਨ ਇਤਿਹਾਸਕ ਪ੍ਰਸੰਗ ਨੂੰ ਸੰਕੇਤ ਕਰਦਾ | ਬਹੁਤ ਘੱਟ ਇਤਿਹਾਸ ਵਿਸ਼ਾ ਵਸਤੂ ਦੀ ਜਾਣਕਾਰੀ। | ਆਮ ਇਤਿਹਾਸ ਦੀ ਜਾਣਕਾਰੀ ਪਰ ਸਾਧਨਾਂ ਨੂੰ ਵਿਸ਼ਾ ਵਸਤੂ ਨਾਲ ਨਹੀਂ ਜੋੜਦਾ। | ਪੂਰੇ ਵਿਸਤਾਰ ਨਾਲ ਸਾਧਨਾ ਦੀ ਜਾਣਕਾਰੀ, ਸਾਧਨ ਕਿਸਨੇ, ਕਦੋਂ ਅਤੇ ਕਿਉਂ ਪੈਦਾ ਹੋਏ। |
| ਸਮੱਗਰੀ | ਸਾਧਨਾਂ ਦਾ ਇਤਿਹਾਸਕ ਪੱਖੋਂ ਮਤਲਬ ਨਹੀਂ ਸਮਝਦਾ | ਸਾਧਨਾਂ ਦੀ ਇਤਿਹਾਸਕ ਪੱਖੋਂ ਲੋੜੀਂਦੀ ਸਮਝ। | ਸਰੋਤਾਂ ਦੇ ਅਰਥਾਂ ਦੀ ਚੰਗੀ ਜਾਣਕਾਰੀ। | ਪੂਰੇ ਵਿਸਤਾਰ ਨਾਲ ਸਰੋਤਾਂ ਦੀ ਸਮਝ ਅਤੇ ਵਿਸ਼ਾ ਵਸਤੂ ਨਾਲ ਸਬੰਧਤ ਜਾਣਕਾਰੀ। |
| ਨਤੀਜੇ | ਇਤਿਹਾਸ ਦੀ ਮਹੱਤਤਾ ਬਾਰੇ ਕੋਈ ਜਾਣਕਾਰੀ ਨਹੀਂ | ਇਤਿਹਾਸ ਦੀ ਮਹੱਤਤਾ ਬਾਰੇ ਕੁਝ ਜਾਣਕਾਰੀ। | ਇਤਿਹਾਸ ਦੀ ਮਹੱਤਤਾ ਬਾਰੇ ਚੰਗੀ ਜਾਣਕਾਰੀ। | ਇਤਿਹਾਸ ਦੀ ਮਹੱਤਤਾ ਬਾਰੇ ਸਪਸ਼ੱਟ ਅਤੇ ਵਿਸਥਾਰ ਨਾਲ ਜਾਣਕਾਰੀ। |

## ਥੀਮ 3-ਜੀਵਤ

**ਸਿੱਖਣ ਉਦੇਸ਼-** ਪੇਂਡੂ ਅਤੇ ਸ਼ਹਿਰੀ ਖੇਤਰ ਵਿੱਚ ਵੱਖ ਵੱਖ ਕਿੱਤਿਆਂ ਦੀ ਉਪਲਭਤਾ ਲਈ ਜ਼ਿੰਮੇਵਾਰ ਕਾਰਕਾਂ ਦਾ ਵਰਨਣ ਕਰਦਾ ਹੈ।

## ਸਮਗੱਰੀ ਦੀ ਰੂਪ ਰੇਖਾ

ਪੇਂਡੂ ਅਤੇ ਸ਼ਹਿਰੀ ਖੇਤਰ ਵਿੱਚ ਲੋਕਾਂ ਦੇ ਆਪਣੀ ਉਪਜੀਵਿਕਾ ਕਮਾਉਣ ਦੇ ਵੱਖਰੇ ਵੱਖਰੇ ਤਰੀਕੇ ਹਨ। ਸਾਰੇ ਲੋਕਾਂ ਲਈ ਉਪਜੀਵਿਕਾ ਕਮਾਉਣ ਦੇ ਮੌਕੇ ਇੱਕੋ ਜਿਹੇ ਨਹੀਂ ਹੋ ਸਕਦੇ। ਲੋਕ ਜਿਸ ਤਰ੍ਹਾਂ ਦਾ ਕੰਮ ਕਰਦੇ ਹਨ ਉਹ ਵੀ ਕਈ ਕਾਰਨਾਂ ਦੇ ਆਧਾਰ ਤੇ ਵੱਖਰਾ ਹੋ ਸਕਦਾ ਹੈ, ਜਿਵੇਂ ਕਿ ਉਹ ਕਿਸ ਤਰ੍ਹਾਂ ਦੇ ਖੇਤਰ ਵਿੱਚ ਰਹਿੰਦਾ ਹੈ, ਉਸ ਖੇਤਰ ਦਾ ਸਭਿਆਚਾਰ ਕਿਸ ਤਰ੍ਹਾਂ ਦਾ ਹੈ ਅਤੇ ਹੋਰ ਵੀ ਬਹੁਤ ਕੁਝ। ਕੁਝ ਅਜਿਹੇ ਵੀ ਕੰਮ ਹਨ ਜੋ ਪੂਰੇ ਸਾਲ ਲਈ ਆਮਦਨ ਪ੍ਰਦਾਨ ਕਰਦੇ ਹਨ ਜਿਵੇਂ ਕਿ ਛੋਟੇ ਪੈਮਾਨੇ ਦੇ ਲਘੂ ਉਦਯੋਗ ਜਾਂ ਫਿਰ ਅਰਥਵਿਵਸਥਾ ਦੇ ਸੇਵਾ ਖੇਤਰਾਂ ਵਿੱਚ ਲੱਗੇ ਹੋਣਾ ਵੀ ਹੋ ਸਕਦਾ ਹੈ। ਕੁਝ ਲੋਕ ਸਾਲ ਦੇ ਥੋੜ੍ਹੇ ਸਮੇ ਲਈ ਹੀ ਰੁੱਝੇ ਹੋਏ ਹੋ ਸਕਦੇ ਹਨ ਜਿਵੇਂ ਕਿ ਖੇਤੀ ਧੰਦਿਆਂ ਵਿੱਚ ਬਿਜਾਈ, ਕਟਾਈ, ਫਸਲ ਪਰਿਵਰਤਨ ਆਦਿ। ਵੱਖ ਵੱਖ ਨੌਕਰੀਆਂ ਵੀ ਵੱਖੋ ਵੱਖਰੇ ਮੁੱਦਿਆਂ ਅਤੇ ਨਤੀਜਿਆਂ ਨੂੰ ਜਨਮ ਦਿੰਦੀਆਂ ਹਨ ਜੋ ਕਿ ਇਕ ਵਿਅਕਤੀ ਤੋਂ ਦੂਸਰੇ ਵਿਅਕਤੀ ਜਾਂ ਫਿਰ ਇਕ ਤੋ ਦੂਸਰੇ ਗਰੁੱਪ ਵਿੱਚ ਭਿੰਨ ਹੋ ਸਕਦੀਆਂ ਹਨ।

## ਸਿੱਖਣ ਦੇ ਉਦੇਸ਼:-

- ਉਨ੍ਹਾਂ ਅਲੱਗ ਅਲੱਗ ਤਰੀਕਿਆਂ ਦੀ ਪਛਾਣ ਕਰਨਾ ਜਿਨ੍ਹਾਂ ਨਾਲ ਲੋਕ ਆਪਣੀ ਉਪਜੀਵਿਕਾ ਪੇਂਡੂ ਅਤੇ ਸ਼ਹਿਰੀ ਖ਼ੇਤਰਾਂ ਵਿੱਚ ਕਮਾਉਂਦੇ ਹਨ।

- ਇਹ ਜਾਂਚ ਕਰਨਾ ਕਿ ਲੋਕਾਂ ਕੋਲ ਕਮਾਈ ਦੇ ਇੱਕੋ ਜਿਹੇ ਜਾਂ ਬਰਾਬਰ ਦੇ ਮੌਕੇ ਹਨ ਕਿ ਨਹੀਂ।
- ਇਹ ਪੜਚੋਲ ਕਰਨਾ ਕਿ ਜ਼ਿੰਦਗੀ ਦੇ ਵੱਖ ਵੱਖ ਹਲਾਤਾਂ ਵਿੱਚ ਸਮਾਨਤਾਵਾਂ ਅਤੇ ਅਸਮਾਨਤਾਵਾਂ ਅਤੇ ਲੋਕਾਂ ਦੁਆਰਾ ਵੱਖ਼ੋ ਵੱਖ਼ਰੇ ਖ਼ੇਤਰਾਂ ਵਿੱਚ ਚੁਣੌਤੀਆਂ ਦਾ ਸਾਹਮਣਾ ਕਰਨਾ।

## ਸੁਝਾਈਆਂ ਗਈਆਂ ਸਿੱਖਣ ਪ੍ਰੀਕ੍ਰਿਆਵਾਂ

ਪੇਂਡੂ ਅਤੇ ਸ਼ਹਿਰੀ ਖ਼ੇਤਰਾਂ ਵਿੱਚ ਮਰਦਾਂ ਅਤੇ ਔਰਤਾਂ ਦੁਆਰਾ ਅਪਣਾਏ ਗਏ ਜ਼ਿੰਦਗੀ ਜੀਉਣ ਦੇ ਸਾਧਨਾਂ ਦੀ ਮੌਜੂਦਗੀ ਅਤੇ ਉਨ੍ਹਾਂ ਦੇ ਜ਼ਿੰਮੇਵਾਰ ਕਾਰਕ ਦੱਸਣ ਲਈ ਰੋਜ਼ੀ ਰੋਟੀ ਉਨ੍ਹਾਂ ਨੂੰ ਇਸਦੇ ਯੋਗ ਬਣਾਏਗੀ। ਤੁਸੀਂ ਸਿਖ਼ਿਆਰਥੀ ਨੂੰ ਮਿਸ਼ਰਿਤ ਗਰੁੱਪ ਵਿੱਚ ਸ਼ਾਮਿਲ ਕਰ ਸਕਦੇ ਹੋ ਅਤੇ ਇਸ ਖ਼ੇਤਰ ਵਿੱਚ ਉਪਜੀਵਿਕਾ ਕਮਾਉਣ ਦੇ ਅਲੱਗ ਅਲੱਗ ਸਾਧਨਾਂ ਨਾਲ ਸਬੰਧਤ ਚੁਣੌਤੀਆਂ ਬਾਰੇ ਗੱਲ ਕਰ ਸਕਦੇ ਹੋ। ਵੱਖ਼-ਵੱਖ਼ ਮਰਦਾਂ ਅਤੇ ਔਰਤਾਂ ਦੁਆਰਾ ਵੱਖ਼ ਵੱਖ਼ ਕਿੱਤਿਆਂ ਉੱਪਰ ਕੀਤੀਆਂ ਹੋਈਆਂ ਕੇਸ ਸਟੱਡੀਜ਼ ਅਤੇ ਆਡੀਓ-ਵੀਡੀਓ ਸਾਂਝੀਆਂ ਕੀਤੀਆਂ ਜਾ ਸਕਦੀਆਂ ਹਨ ਅਤੇ ਸਿਖ਼ਿਆਰਥੀਆਂ ਦਾ ਉਨ੍ਹਾਂ ਬਾਰੇ ਨਜ਼ਰੀਆ ਵੀ ਪ੍ਰਾਪਤ ਕੀਤਾ ਜਾ ਸਕਦਾ ਹੈ। ਤੁਸੀਂ ਸਿਖ਼ਿਆਰਥੀ ਨੂੰ ਆਪਣੇ ਨਾਲ ਦੇ ਖ਼ੇਤਾਂ ਵਿੱਚ ਵੀ ਲੈ ਕੇ ਜਾ ਸਕਦੇ ਹੋ ਤਾਂ ਕਿ ਉਹ ਖ਼ੇਤੀ ਬਾਰੇ ਜਾਣਕਾਰੀ ਹਾਸਿਲ ਕਰ ਸਕਣ। ਜੇਕਰ ਤੁਹਾਡਾ ਸਕੂਲ ਸ਼ਹਿਰੀ ਖ਼ੇਤਰ ਵਿੱਚ ਹੈ ਤਾਂ ਤੁਸੀਂ ਉਨ੍ਹਾਂ ਨੂੰ ਫ਼ੈਕਟਰੀਆਂ, ਦਫ਼ਤਰ ਅਤੇ ਬਜਾਰਾਂ ਵਿੱਚ ਲੈ ਕੇ ਜਾ ਸਕਦੇ ਹੋ।ਇਸ ਤੋਂ ਇਲਾਵਾ ਸਰਵੇ, ਵੱਖ਼-ਵੱਖ਼ ਕਿੱਤਿਆਂ ਉੱਪਰ ਰੋਲ ਪਲੇਅ ਦੁਆਰਾ ਵੀ ਸਿਖ਼ਿਆਰਥੀਆਂ ਨੂੰ ਸਮਝਾਇਆ ਜਾ ਸਕਦਾ ਹੈ। ਸਕੂਲਾਂ ਵਿੱਚ ਮੇਲੇ ਵੀ ਲਗਾਏ ਜਾ ਸਕਦੇ ਹਨ ਤਾਂ ਕਿ ਸਿਖ਼ਿਆਰਥੀਆਂ ਨੂੰ ਪਤਾ ਲੱਗ ਸਕੇ ਇਹ ਚੀਜਾਂ ਕਿੱਥੋਂ ਆ ਰਹੀਆਂ ਹਨ।

## ਮਿਸ਼ਰਿਤ ਪੀਅਰ ਗਰੁੱਪ ਨਾਲ ਕੀਤੀਆਂ ਜਾਣ ਵਾਲੀਆਂ ਕ੍ਰਿਆਵਾਂ:-

ਪੜ੍ਹਾਉਣ ਲਈ ਕਿਰਿਆਵਾਂ ਸਬੰਧਿਤ ਚਰਚਾਵਾਂ ਦੀ ਲੜੀ ਦੀ ਵਰਤੋਂ ਕੀਤੀ ਜਾ ਸਕਦੀ ਹੈ। ਸ਼ੁਰੂਆਤੀ ਤੌਰ ਤੇ ਉਪਜੀਵਿਕਾ ਦੀ ਧਾਰਨਾ ਨੂੰ ਸਿਖ਼ਿਆਰਥੀਆਂ ਅਤੇ ਅਧਿਆਪਕਾਂ ਦੀ ਵਾਰਤਾਲਾਪ ਦੁਆਰਾ ਸਮਝਾਇਆ ਜਾ ਸਕਦਾ ਹੈ। ਵਾਰਤਾਲਾਪ ਦਾ ਸਬੰਧ ਵਿਦਿਆਰਥੀਆਂ ਦੇ ਮਾਪਿਆਂ ਦੇ ਕਿੱਤਿਆਂ, ਉਨ੍ਹਾਂ ਨਾਲ ਸਬੰਧਿਤ ਕ੍ਰਿਆਵਾਂ, ਇਸ ਤੋਂ ਹੋਣ ਵਾਲੀ ਆਮਦਨ ਦਾ ਉਹ ਕੀ ਕਰਦੇ ਹਨ, ਹੋ ਸਕਦਾ ਹੈ। ਵਾਰਤਾਲਾਪ ਦੇ ਅਧਾਰ ਤੇ ਅਧਿਆਪਕ ਸਿਖ਼ਿਆਰਥੀਆਂ ਨੂੰ ਸਮਝਾ ਸਕਦਾ ਹੈ ਕਿ ਉਪਜੀਵਿਕਾ ਉਹ ਸਾਧਨ ਹੈ ਜਿਸ ਦੁਆਰਾ ਲੋਕ ਰੋਟੀ, ਕੱਪੜਾ ਅਤੇ ਮਕਾਨ ਲਈ ਧਨ ਕਮਾਉਂਦੇ ਹਨ। ਉਪਜੀਵਿਕਾ ਸਬੰਧਿਤ ਕੋਈ ਵੀ ਗੱਲਬਾਤ ਦੇ ਵਿੱਚ ਲੋਕਾਂ ਦੇ ਕਿੱਤਿਆਂ ਅਤੇ ਨੌਕਰੀਆਂ ਬਾਰੇ ਜਰੂਰੀ ਤੌਰ ਤੇ ਜਿਕਰ ਆਉਂਦਾ ਹੈ। ਸਿਖ਼ਿਆਰਥੀਆਂ ਨੂੰ ਅਲੱਗ ਅਲੱਗ ਕਿੱਤਿਆਂ ਦੀ ਪਛਾਣ ਕਰਾਉਣ ਲਈ ਤਿੰਨ ਕਿਰਿਆਵਾਂ ਦਾ ਸੁਝਾਅ ਦਿੱਤਾ ਜਾਂਦਾ ਹੈ।

1. ਅਧਿਆਪਕ ਪਰਿੰਟ ਜਾਂ ਹੱਥ ਨਾਲ ਖਿੱਚੀਆਂ ਤਸਵੀਰਾਂ ਨੂੰ ਪੂਰਕ ਕਰ ਸਕਦਾ ਹੈ, ਉਹਨਾਂ ਨਾਲ ਜੋ ਪਹਿਲਾਂ ਹੀ ਪਾਠ ਪੁਸਤਕ ਵਿੱਚ ਉਪਲੱਬਧ ਹਨ।
2. ਸਿੱਖਿਆਰਥੀਆਂ ਨੂੰ ਵੱਖ ਵੱਖ ਕਿੱਤਿਆਂ ਵਿੱਚ ਰੁੱਝੇ ਹੋਏ ਵਿਅਕਤੀਆਂ ਦੇ ਚਿੱਤਰ ਬਨਾਉਣ ਲਈ ਉਤਸ਼ਾਹਿਤ ਕੀਤਾ ਜਾ ਸਕਦਾ ਹੈ।
3. ਸਿੱਖਿਆਰਥੀਆਂ ਨੂੰ ਪ੍ਰਸ਼ਨਾਂ ਦੇ ਸਮੂਹ ਦੀ ਸਹਾਇਤਾ ਨਾਲ ਇੱਕ ਛੋਟਾ ਜਿਹਾ ਸਰਵੇ ਕਰਨ ਦੀ ਅਗਵਾਈ ਦਿੱਤੀ ਜਾ ਸਕਦੀ ਹੈ।

## ਕਿਰਆ – 1

ਅਧਿਆਪਕ ਵੱਖ ਵੱਖ ਕਿੱਤਿਆਂ ਨਾਲ ਸਬੰਧਤ ਵਿਅਕਤੀਆਂ ਦੀਆਂ ਤਸਵੀਰਾਂ ਦੇ ਕੋਲਾਜ ਨੂੰ ਪੁਸਤਕ ਵਿੱਚ ਦਿੱਤੀਆਂ ਗਈਆਂ ਤਸਵੀਰਾਂ ਦੇ ਪੂਰਕ ਦੇ ਤੌਰ ਤੇ ਵਰਤ ਸਕਦਾ ਹੈ ਅਤੇ ਇਨ੍ਹਾਂ ਨੂੰ ਵਿਦਿਆਰਥੀਆਂ ਨੂੰ ਦਿਖਾ ਸਕਦਾ ਹੈ ਅਤੇ ਆਸਾਨ ਬਨਾਉਣ ਲਈ ਨੋਟਿਸ ਬੋਰਡ ਤੇ ਵੀ ਲਗਾ ਸਕਦਾ ਹੈ। ਇਸ ਵਿਸ਼ਾ ਵਸਤੂ ਨਾਲ ਸਬੰਧਤ ਆਡਿਓ-ਵੀਜ਼ੁਅਲ ਏਡ ਨੂੰ ਵਿਸ਼ੇਸ਼ ਲੋੜਾਂ ਵਾਲੇ ਸਿੱਖਿਆਰਥੀਆਂ ਲਈ ਵਰਤਿਆ ਜਾ ਸਕਦਾ ਹੈ। ਇਸ ਤੇ ਅਧਾਰਿਤ ਹੇਠ ਦਿੱਤਾ ਅਭਿਆਸ ਸਿੱਖਿਆਰਥੀਆਂ ਦੁਆਰਾ ਅਧਿਅਪਕ ਦੀ ਦੇਖ ਰੇਖ ਹੇਠ ਕੀਤਾ ਜਾ ਸਕਦਾ ਹੈ।

1. ਤਸਵੀਰ ਜਾਂ ਵੀਡਿਓ ਵਿੱਚ ਲੋਕਾਂ ਦੁਆਰਾ ਕੀਤੀਆਂ ਗਈਆਂ ਵੱਖ ਵੱਖ ਗਤੀਵਿਧੀਆਂ ਨੂੰ ਲਿਖੋ ਜਾਂ ਬਿਆਨ ਕਰੋ।

2. ਖੇਤੀ ਨਾਲ ਸਬੰਧਤ ਅਤੇ ਗੈਰ ਸਬੰਧਤ ਕੰਮਾਂ ਨੂੰ ਪਹਿਚਾਨ ਕਰੋ।
3. ਆਪਣੇ ਸਕੂਲ ਜਾਂ ਘਰ ਦੇ ਨੇੜੇ ਵੱਖ ਵੱਖ ਕਿੱਤਿਆਂ ਦੇ ਵੱਖ ਵੱਖ ਭਾਸ਼ਾਵਾਂ ਵਿੱਚ ਨਾਮ ਲਿਖੋ।

| ਖੇਤੀਬਾੜੀ ਸਬੰਧਤ ਕੰਮ | ਖੇਤੀਬਾੜੀ ਗੈਰ ਸਬੰਧਤ ਕੰਮ | ਆਦਮੀ/ਔਰਤਾਂ/ਦੋਨੋ | ਪੇਂਡੂ/ਸ਼ਹਿਰੀ | ਭੁਗਤਾਨ/ਭੁਗਤਾਨ ਰਹਿਤ |
|---|---|---|---|---|
| | | | | |
| | | | | |
| | | | | |

ਇਹ ਵਿਦਿਆਰਥੀਆਂ ਵਿੱਚ ਪਹਿਚਾਣ ਕਰਨਾ, ਵਰਗੀਕਰਨ ਕਰਨਾ, ਲਿਖਣ ਕਲਾ ਅਤੇ ਸੰਚਾਰ ਵਰਗੇ ਹੁਨਰ ਦਾ ਵਿਕਾਸ ਕਰਨ ਵਿੱਚ ਸਹਾਇਤਾ ਕਰੇਗਾ। ਇਹ ਵਿਦਿਆਰਥੀਆਂ ਨੂੰ ਭਾਸ਼ਾਈ ਵਿਭਿੰਨਤਾ ਪਹਿਚਾਨਣ ਵਿੱਚ ਮਦਦ ਕਰੇਗਾ ਅਤੇ ਵੱਖ ਵੱਖ ਭਾਸ਼ਾਵਾਂ ਬਾਰੇ ਹੋਰ ਜਾਣਨ ਲਈ ਪ੍ਰੇਰਿਤ ਕਰੇਗਾ। ਇੱਕੋ ਹੀ ਕਿੱਤੇ ਦੇ ਵੱਖ ਵੱਖ ਭਾਸ਼ਾਵਾਂ ਵਿੱਚ ਨਾਮ ਪ੍ਰਚਲਿਤ ਹੋ ਸਕਦੇ ਹਨ। ਉਦਾਹਰਣ ਵਜੋਂ Labour Contractor ਨੂੰ ਪੰਜਾਬੀ ਵਿੱਚ ਠੇਕੇਦਾਰ, Mason ਨੂੰ ਮਿਸਤਰੀ, Wages ਨੂੰ ਮਜ਼ਦੂਰੀ, Labourer ਨੂੰ ਕੁਲੀ/ਮਜ਼ਦੂਰ ਕਿਹਾ ਜਾਂਦਾ ਹੈ। ਅਧਿਆਪਕ ਵਿਦਿਆਰਥੀਆਂ ਦੀ ਉਨ੍ਹਾਂ ਨਾਵਾਂ ਨੂੰ ਵੱਖ ਵੱਖ ਭਾਸ਼ਾਵਾਂ ਵਿੱਚ ਚਾਰਟ ਪੇਪਰ ਤੇ ਲਿਖ ਕੇ ਜਮਾਤ ਵਿੱਚ ਲਗਾਉਣ ਵਿੱਚ ਮਦਦ ਕਰ ਸਕਦੇ ਹਨ। ਇਹ ਅਭਿਆਸ ਭਾਸ਼ਾਈ ਵਿਭਿੰਨਤਾ ਲਈ ਆਦਰ ਪ੍ਰਫੁਲਿੱਤ ਕਰ ਸਕਦਾ ਹੈ। ਇਸ ਦੀ ਕੋਈ ਨਿਸ਼ਚਿਤ ਸੀਮਾ ਨਹੀਂ ਹੈ ਕਿ ਲੋਕ ਉੱਪਰ ਦਿੱਤੇ ਤਰੀਕੇ ਨਾਲ ਹੀ ਰੁੱਝੇ ਹੋਣ। ਅਸੀਂ ਪਹਿਲੀ ਵਾਰ ਵੱਖ ਵੱਖ ਖੇਤਰਾਂ ਵਿੱਚ ਰੁੱਝੇ ਹੋਏ ਵਿਅਕਤੀਆਂ ਦਾ ਵੇਰਵਾ ਨੌਜਵਾਨਾਂ ਨਾਲ ਸਾਂਝਾ ਕਰ ਰਹੇ ਹਾਂ।

ਕਿੱਤੇ ਨੂੰ ਸਮਝਣ ਲਈ ਕੁੱਝ ਹੱਦ ਤੱਕ ਇਸਨੂੰ ਸੌਖਾ ਬਣਾਇਆ ਜਾ ਸਕਦਾ ਹੈ।

## ਕਿਰਆ- 2

ਵਿਦਿਆਰਥੀ ਆਪਣੀਆਂ ਜਮਾਤਾਂ ਵਿੱਚੋਂ ਜੋੜੇ ਬਣਾ ਕੇ ਬਾਹਰ ਆਉਣਗੇ (ਇਹਨਾਂ ਵਿੱਚ ਵਿਸ਼ੇਸ ਲੋੜਾਂ ਵਾਲੇ ਸਿਖਿਆਰਥੀ ਵੀ ਸਾਮਿਲ ਹੋਣਗੇ)। ਬਾਹਰ ਆ ਕੇ ਉਹ ਆਪਣੇ ਆਸ-ਪਾਸ ਦੇ ਲੋਕਾਂ ਦਾ ਨਿਰੀਖ਼ਣ ਕਰਨਗੇ ਅਤੇ ਉਨ੍ਹਾਂ ਨਾਲ ਗੱਲਬਾਤ ਕਰਨਗੇ। ਉਹ ਅਲੱਗ ਅਲੱਗ ਕਿੱਤਿਆਂ ਵਿੱਚ ਲੱਗੇ ਲੋਕਾਂ ਦੀ ਇੱਕ ਸੂਚੀ ਅਤੇ ਡਰਾਇੰਗ ਤਿਆਰ ਕਰਨਗੇ। ਇਹਨਾਂ ਡਰਾਇੰਗਾਂ ਨੂੰ ਵਰਗੀਕਰਨ ਕਰਕੇ ਜਮਾਤ ਦੇ ਨੋਟਿਸ ਬੋਰਡ ਤੇ ਲਗਾਇਆ ਜਾ ਸਕਦਾ ਹੈ ਅਤੇ ਉਹ ਇਸਦੀ ਇੱਕ ਮੌਖ਼ਿਕ ਪੇਸ਼ਕਾਰੀ ਵੀ ਕਰ ਸਕਦੇ ਹਨ। ਇਹ ਕਿਰਿਆ ਵਿਦਿਆਰਥੀਆਂ ਵਿੱਚ ਪਹਿਚਾਨ ਕਰਨ, ਵਰਗੀਕਰਨ ਅਤੇ ਨਿਰੀਖ਼ਣ ਦਾ ਹੁਨਰ ਵਿਕਸਿਤ ਕਰੇਗਾ।

ਇਹ ਸੰਭਵ ਹੈ ਕਿ ਪੇਂਡੂ ਲੋਕਾਂ ਦੇ ਜੀਵਨ ਨਾਲ ਸਬੰਧਿਤ ਅਧਿਆਇ ਕੁੱਝ ਵਿਦਿਆਰਥੀਆਂ ਨੂੰ ਖ਼ਾਸ ਕਰ ਸ਼ਹਿਰੀ ਵਿਦਿਆਰਥੀਆਂ ਨੂੰ ਸਮਝ ਨਾ ਆਉਣ। ਇਹ ਵੀ ਸੰਭਵ ਹੈ ਕਿ ਪਿੰਡ ਦੇ ਵਿਦਿਆਰਥੀਆਂ ਨੂੰ ਇਹ ਕਲਪਨਾ ਕਰਨ ਵਿੱਚ ਮੁਸ਼ਕਿਲ ਆਵੇ ਕਿ ਕੱਪੜਾ ਫ਼ੈਕਟਰੀ ਜਾਂ ਤਿਆਰ ਕੱਪੜਾ ਦੁਕਾਨਾਂ ਅਤੇ ਬਹੁ-ਮੰਜਲਾ ਖ਼ਰੀਦਦਾਰੀ ਇਮਾਰਤਾਂ ਕੀ ਹੁੰਦੀਆਂ ਹਨ? ਦੋਨਾਂ ਸਥਿਤੀਆਂ ਵਿੱਚ ਅਧਿਆਪਕ ਆਪਣੇ ਵਿਦਿਆਰਥੀਆਂ ਦੀ ਸਹਾਇਤਾ ਦ੍ਰਿਸ਼ ਦੀ ਪ੍ਰਸੰਗਿਕਤਾ ਕਰਨ ਵਿੱਚ ਕਰ ਸਕਦਾ ਹੈ। ਇਸ ਮੁੱਦੇ ਨੂੰ ਹੱਲ ਕਰਨ ਦਾ ਇੱਕ ਤਰੀਕਾ ਇਹ ਵੀ ਹੈ ਕਿ ਵਿਦਿਆਰਥੀਆਂ ਨੂੰ ਖ਼ੇਤੀ, ਮੱਛੀ ਬਜ਼ਾਰ, ਖ਼ਰੀਦਦਾਰੀ ਇਮਾਰਤਾਂ, ਕੱਪੜਾ ਫ਼ੈਕਟਰੀ ਨਾਲ ਸਬੰਧਿਤ ਕੁੱਝ ਵੀਡੀਓ ਕਲਿੱਪ ਦਿਖਾਏ ਜਾਣ।

## ਕਿਰਆ - 3

ਪਾਠ-ਪੁਸਤਕਾਂ ਵਿੱਚ ਵਰਤੀ ਜਾਣ ਵਾਲੀ ਕਥਾ ਤਕਨੀਕ ਜਿਸ ਵਿੱਚ ਅਲੱਗ ਕਾਰਜਾਂ ਵਿੱਚ ਰੁੱਝੇ ਹੋਏ ਵਿਅਕਤੀਆਂ ਨੂੰ ਇੱਕ ਹੋਰ ਸਿੱਖ਼ਣ ਦੇ ਤਰੀਕੇ ਦੇ ਪੂਰਕ ਵਿੱਚ ਵਰਤਿਆ ਜਾ ਸਕਦਾ ਹੈ:- ਸਰਵੇਖ਼ਣ ਤਰੀਕਾ ਜਾਂ ਸਰਵੇਖ਼ਣ ਦੇ ਅਧਾਰਿਤ ਛੋਟੀ ਕਿਤਾਬ।

ਸਿਖ਼ਿਆਰਥੀਆਂ ਨੂੰ ਵੱਖ-ਵੱਖ ਕੰਮ ਕਰਦੇ ਵਿਅਕਤੀਆਂ ਨਾਲ ਮਿਲਣ ਲਈ ਸੇਧ ਦਿੱਤੀ ਜਾ ਸਕਦੀ ਹੈ। ਸਿਖ਼ਿਆਰਥੀਆਂ ਦੇ ਮਾਪੇ ਇਹ ਕੰਮ ਕਰ ਵੀ ਰਹੇ ਹੋ ਸਕਦੇ ਹਨ, ਜਾਂ ਤਾਂ ਸਿਖ਼ਿਆਰਥੀਆਂ ਨੂੰ ਉਹਨਾਂ ਦੇ ਮਾਪਿਆਂ ਦਾ ਕੰਮ ਕਰਨ ਦਾ ਢੰਗ ਸੰਗ੍ਰਹਿ ਕਰਨ ਲਈ ਪ੍ਰੇਰਿਤ ਕੀਤਾ ਜਾਵੇ ਜਾਂ ਅਧਿਆਪਕ ਉਨ੍ਹਾਂ ਨੂੰ ਹੇਠ ਲਿਖੇ ਵੇਰਵਾ ਇੱਕਠਾ ਕਰਨ ਲਈ ਉਨ੍ਹਾਂ ਦੀ ਅਗਵਾਈ ਕਰ ਸਕਦਾ ਹੈ:-

1. ਨਾਮ
2. ਲਿੰਗ
3. ਕਿੱਤੇ ਦਾ ਨਾਮ
4. ਕਿੱਤੇ ਵਿੱਚ ਕੀ ਕਿਰਿਆਵਾਂ ਹਨ।
5. ਕਿਸ ਸਮੇਂ ਤੇ ਉਹ ਘਰ ਤੋਂ ਬਾਹਰ ਜਾਂਦੇ ਹਨ ਤੇ ਕਦੋਂ ਵਾਪਿਸ ਆਉਂਦੇ ਹਨ।
6. ਉਹ ਕੰਮ ਵਾਲੇ ਸਥਾਨ ਤੇ ਕਿਵੇਂ ਪਹੁੰਚਦੇ ਹਨ?
7. ਉਨ੍ਹਾਂ ਨੂੰ ਇੱਕ ਦਿਨ/ਹਫ਼ਤੇ/ ਜਾਂ ਮਹੀਨੇ ਦੇ ਕਿੰਨੇ ਪੈਸੇ ਮਿਲਦੇ ਹਨ?
8. ਕੀ ਉਨ੍ਹਾਂ ਨੂੰ ਲਗਾਤਾਰ ਕੰਮ ਮਿਲਦਾ ਹੈ? ਕਿਸ ਮਹੀਨੇ ਉਨ੍ਹਾਂ ਨੂੰ ਕੰਮ ਲਗਾਤਾਰ ਮਿਲਦਾ ਹੈ? ਉਨ੍ਹਾਂ ਨੂੰ ਲਗਾਤਾਰ ਕੰਮ ਕਿਉਂ ਨਹੀਂ ਮਿਲਦਾ?
9. ਕੰਮ ਤੋਂ ਕਮਾਈ ਜਾਣ ਵਾਲੀ ਰਾਸ਼ੀ ਕੀ ਉਨ੍ਹਾਂ ਦੇ ਪਰਿਵਾਰ ਲਈ ਕਾਫ਼ੀ ਹੈ ਜਾਂ ਨਹੀਂ?

ਜੇਕਰ ਨਹੀਂ, ਤਾਂ ਕਮਾਈ ਦਾ ਹੋਰ ਕਿਹੜਾ ਵਿਕਲਪ ਅਪਨਾਇਆ ਜਾ ਸਕਦਾ ਹੈ। (ਸੂਚੀ ਵਿੱਚ ਹੋਰ ਵੀ ਤਰੀਕੇ ਜੋੜੇ ਜਾ ਸਕਦੇ ਹਨ)

ਇਸ ਗਤੀਵਿਧੀ ਨਾਲ, ਵੱਖ ਵੱਖ ਕਿੱਤਿਆਂ ਵਿੱਚ ਲੋਕਾਂ ਦੁਆਰਾ ਸਾਹਮਣਾ ਕੀਤੇ ਜਾਣ ਵਾਲੇ ਮੁੱਦੇ ਅਤੇ ਚੁਣੌਤੀਆਂ ਦਾ ਪਤਾ ਲੱਗੇਗਾ। ਇਸ ਸਰਵੇ ਦੇ ਅਧਾਰ ਤੇ ਅਧਿਆਪਕ ਵਿਦਿਆਰਥੀਆਂ ਨਾਲ ਇਸ ਬਾਰੇ ਵਿਚਾਰ ਵਟਾਂਦਰਾ ਕਰ ਸਕਦਾ ਹੈ ਕਿ ਲੋਕ ਜਦੋਂ ਕੋਈ ਰੋਜ਼ਗਾਰ ਜਾਂ ਸਵੈ ਰੋਜ਼ਗਾਰ ਅਪਣਾਉਂਦੇ ਹਨ ਤਾਂ ਉਹਨਾਂ ਨੂੰ ਕਿਹੜੀਆਂ ਵੱਖ ਵੱਖ ਮੁਸ਼ਕਿਲਾਂ ਅਤੇ ਚੁਣੌਤੀਆਂ ਪੇਸ਼ ਆਂਉਦੀਆਂ ਹਨ। ਅਧਿਆਪਕ ਮੁੱਖ ਤੌਰ ਤੇ ਹੇਠ ਲਿਖੀਆਂ ਗੱਲ਼ਾਂ ਨੂੰ ਕੇਂਦਰਿਤ ਕਰ ਸਕਦਾ ਹੈ:-

1. ਵਿਦਿਆਰਥੀਆਂ ਦੇ ਮਨਾਂ ਵਿੱਚ ਕਿਰਤ ਲਈ ਸਤਿਕਾਰ ਪੈਦਾ ਕਰਨ ਲਈ, ਕਿਸੇ ਕਾਰਜ ਜਾਂ ਵਿਸ਼ੇਸ਼ ਖੇਤਰ ਵਿੱਚ ਕੀਤੇ ਕੰਮ ਦੀ ਮਹੱਤਤਾ ਅਤੇ ਉਦੇਸ਼ ਦੱਸ ਕੇ।
2. ਲਿੰਗ ਦੇ ਆਧਾਰ ਤੇ ਕੰਮ ਦੀ ਵੰਡ ਨਾ ਹੋਣਾ।
3. ਕਿੱਤਿਆਂ ਵਿੱਚ ਵਿਭਿੰਨਤਾ (ਕਿੱਤਿਆਂ ਦੀ ਵੱਖ ਵੱਖ ਕਿਸਮਾਂ)
4. ਵੱਖ ਵੱਖ ਕਿੱਤਿਆਂ ਵਿੱਚ ਉਹਨਾਂ ਵੱਲੋਂ ਨੋਟ ਕੀਤੀਆਂ ਗਈਆਂ ਸਮਾਨਤਾਵਾਂ ਅਤੇ ਅਸਮਾਨਤਾਵਾਂ।
5. ਮਰਦ ਅਤੇ ਔਰਤਾਂ ਨੂੰ ਦਿੱਤੀ ਜਾਣ ਵਾਲੀ ਮਜ਼ਦੂਰੀ ਵਿੱਚ ਫਰਕ।

ਉਪਰੋਕਤ ਤਿੰਨੇ ਗਤੀਵਿਧੀਆਂ ਕਰਨ ਤੋਂ ਬਾਅਦ, ਵਿਦਿਆਰਥੀਆਂ ਵੱਲੋਂ ਇਕੱਠੇ ਕੀਤੇ ਕਿੱਤਿਆਂ ਦੀ ਜਾਣਕਾਰੀ ਹੇਠ ਲਿਖੀ ਸੂਚੀ ਵਿੱਚ ਭਰੀ ਜਾ ਸਕਦੀ ਹੈ।

| **ਖੇਤਰ** | **ਕਿੱਤੇ ਦਾ ਨਾਂ** |
| --- | --- |
| ਕਿੱਤਿਆਂ ਦੀ ਵੰਡ ਦੇ ਅਧਾਰ ਤੇ<br><br>ਉਦਯੋਗਿਕ ਵਰਗੀਰਕਣ<br>1. ਖੇਤੀਬਾੜੀ ਖੇਤਰ, ਪਸ਼ੂ ਪਾਲਣ (ਹੋਰ ਸਬੰਧਤ ਖੇਤਰ)<br>2. ਉਦਯੋਗ ਖੇਤਰ<br>3. ਸੇਵਾ ਖੇਤਰ<br><br>ਮਨੁੱਖੀ ਗਤੀਵਿਧੀਆਂ ਦੇ ਅਧਾਰ ਤੇ ਕਿੱਤਿਆਂ ਦਾ ਵਰਗੀਕਰਣ | **(ਵਿਦਿਆਰਥੀ ਦੇਖਣ ਦੇ ਆਧਾਰ ਤੇ/ਹੱਥ ਨਾਲ ਵਾਹ ਕੇ/ ਜਾਂ ਕਿਸੇ ਲਘੂ ਅਧਿਐਨ ਦੇ ਆਧਾਰ ਤੇ ਭਰ ਸਕਦੇ ਹਨ)** |

| | |
|---|---|
| ਪੇਂਡੂ ਖੇਤਰ<br><br>1. ਖੇਤੀਬਾੜੀ ਦੇ ਮਜ਼ਦੂਰ<br>2. ਕਿਸਾਨ/ਉਤਪਾਦਕ<br>3. ਗੈਰ ਖੇਤੀ ਸਬੰਧਤ ਕਿੱਤੇ<br><br>• ਗੈਰ ਖੇਤੀ ਸਬੰਧਤ ਸਵੈ ਰੋਜ਼ਗਾਰ<br>• ਗੈਰ ਖੇਤੀ ਕੰਮਾਂ ਵਿੱਚ ਕਿਰਾਏ ਦੇ ਮਜ਼ਦੂਰ (ਦਿਹਾੜੀਏ)<br><br>ਸ਼ਹਿਰੀ ਖੇਤਰ<br><br>1. ਸਵੈ ਰੋਜ਼ਗਾਰ ਵਿੱਚ ਕੰਮ ਕਰਨਾ / ਸਵੈ ਰੋਜ਼ਗਾਰ ਵਿੱਚ ਕੰਮ ਤੇ ਰੱਖਣਾ<br>2. ਨਿਸ਼ਚਿਤ ਤਨਖਾਹ ਤੇ ਕੰਮ ਕਰਨਾ<br>3. ਦਿਹਾੜੀ ਤੇ ਕੰਮ ਕਰਨ ਵਾਲੇ ਮਜ਼ਦੂਰ (ਜਿਹੜੀ ਥੋੜੇ ਸਮੇਂ ਲਈ ਹੋਏ ਜਾਂ ਨਿਸ਼ਚਿਤ ਨਾ ਹੋਏ) | |

ਪੜ੍ਹਾਉਂਦੇ ਸਮੇਂ ਆਮ ਮੁੱਦਿਆਂ ਨੂੰ ਵਿਚਾਰ ਵਟਾਂਦਰੇ ਲਈ ਇੱਕਠਾ ਕਰੇ।

* ਜੇਕਰ ਤੁਹਾਡੇ ਗਆਂਢ ਵਿੱਚ ਕੋਈ ਸਿਖ਼ਿਆਰਥੀ ਹੈ ਜੋ ਮਜ਼ਦੂਰੀ ਦੇ ਕੰਮਾਂ ਵਿੱਚ ਲੱਗਿਆ ਹੈ, ਇਸ ਤੇ ਵਿਚਾਰ ਚਰਚਾ ਕੀਤੀ ਜਾ ਸਕਦੀ ਹੈ ਅਤੇ ਸਿੱਖ਼ਿਆਰਥੀ ਦੇ ਬਾਲ ਮਜ਼ਦੂਰੀ ਤੇ ਵਿਚਾਰਾਂ ਤੇ ਜਮਾਤ ਵਿੱਚ ਵਾਦ-ਵਿਵਾਦ ਕੀਤਾ ਜਾ ਸਕਦਾ ਹੈ। ਇਸ ਨਾਲ ਜੁੜੇ ਸਰਕਾਰੀ ਕਾਨੂੰਨ ਤੇ ਵੀ ਚਾਨਣ ਪਾਇਆ ਜਾ ਸਕਦਾ ਹੈ।

* ਇੱਕ ਵਿਚਾਰ ਵਟਾਂਦਰਾ, ਕਿਸ ਤਰ੍ਹਾਂ ਦੇ ਕੰਮ ਧੰਦੇ ਵਿੱਚ ਮਰਦ ਅਤੇ ਕਿਸ ਤਰ੍ਹਾਂ ਦੇ ਕੰਮ ਧੰਦਿਆਂ ਵਿੱਚ ਔਰਤਾਂ ਲੱਗੀਆਂ ਹੋਈਆਂ ਹਨ, ਤੇ ਕੀਤਾ ਜਾ ਸਕਦਾ ਹੈ।

* ਅਧਿਆਪਕ ਇਹ ਵੀ ਪ੍ਰਸ਼ਨ ਪੁੱਛ ਸਕਦਾ ਹੈ ਕਿ ਕੁੱਝ ਕਿਸਾਨਾਂ ਕੋਲ ਬਹੁਤ ਜ਼ਿਆਦਾ ਮਾਤਰਾ ਵਿੱਚ ਜ਼ਮੀਨਾਂ ਅਤੇ ਕੁੱਝ ਕੋਲ ਬਹੁਤ ਹੀ ਘੱਟ ਮਾਤਰਾ ਵਿੱਚ ਜ਼ਮੀਨਾਂ ਕਿਉਂ ਹੁੰਦੀਆਂ ਹਨ। ਸ਼ਹਿਰੀ ਖ਼ੇਤਰ ਵਿੱਚ, ਕੁੱਝ ਲੋਕ ਆਪਣੇ ਘਰਾਂ ਵਿੱਚ ਅਤੇ ਬਹੁਤ ਲੋਕ ਕਿਰਾਏ ਦੇ ਘਰਾਂ ਵਿੱਚ ਰਹਿੰਦੇ ਹਨ। ਕੁੱਝ ਪਰਿਵਾਰਾਂ ਕੋਲ ਬਹੁਤ ਸਾਰੀ ਚੱਲ ਅਤੇ ਅਚੱਲ ਸੰਪਤੀ ਹੁੰਦੀ ਹੈ ਅਤੇ ਕੁੱਝ ਹੋਰ ਥੋੜ੍ਹੇ ਪਰਿਵਾਰਾਂ ਕੋਲ ਇਹੋ ਜਿਹੀ ਸੰਪਤੀ ਬਹੁਤ ਥੋੜ੍ਹੀ ਹੁੰਦੀ ਹੈ। ਸਾਨੂੰ ਵਿਸਥਾਰ ਵਿੱਚ ਜਾਣਨ ਦੀ ਲੋੜ ਹੈ। ਅਸੀਂ ਸਿਖ਼ਿਆਰਥੀਆਂ ਨੂੰ ਇਹ ਚੀਜ਼ਾਂ ਨੋਟ ਕਰਨ ਦਾ ਮੌਕਾ ਦੇ ਸਕਦੇ ਹਾਂ।

* ਅਧਿਆਪਕ ਵਿਦਿਆਰਥੀਆਂ ਨੂੰ ਕੁੱਝ ਦੁਕਾਨਾਂ ਤੋਂ ਜਾਣਕਾਰੀ ਇੱਕਠੀ ਕਰਨ ਨੂੰ ਕਹਿ ਸਕਦਾ ਹੈ, ਦੁਕਾਨਾਂ ਦਾ ਆਕਾਰ, ਦੁਕਾਨਾਂ ਵਿੱਚ ਵੇਚੇ ਜਾਣ ਵਾਲਾ ਸਮਾਨ, ਅਲੱਗ ਅਲੱਗ ਦੁਕਾਨਾਂ ਵਿੱਚ ਚੱਲ ਰਹੇ ਕੀਮਤ ਪੱਧਰ। ਉਨ੍ਹਾਂ ਨੂੰ ਇਹ ਪ੍ਰਸ਼ਨ ਸੌਂਪਿਆ ਜਾ ਸਕਦਾ ਹੈ ਕਿ ਕਿਉਂ ਕੁੱਝ ਲੋਕ ਆਪਣਾ ਸਮਾਨ ਸੜਕਾਂ ਤੇ ਵੇਚਦੇ ਹਨ ਅਤੇ ਕੁੱਝ ਦੁਕਾਨਾਂ ਵਿੱਚ। ਸਿੱਖਿਆਰਥੀਆਂ ਨੂੰ ਪ੍ਰੇਰਿਆ ਜਾ ਸਕਦਾ ਹੈ ਕਿ ਉਹ ਆਪਣੇ ਮਾਪਿਆਂ ਜਾਂ ਸਰਪ੍ਰਸਤ ਨਾਲ ਗੱਲਬਾਤ ਕਰਨ ਕਿ ਕਿਉਂ ਉਨ੍ਹਾਂ ਨੇ ਇੱਕ ਥਾਂ ਤੋਂ ਦੂਜੀ ਥਾਂ ਤੇ ਵੱਸੋਂ ਕੀਤੀ ਹੈ? ਉਨ੍ਹਾਂ ਨੇ ਕਿਉਂ ਪੁਨਰਵਾਸ ਕੀਤਾ, ਉਨ੍ਹਾਂ ਦੇ ਦਾਦੇ-ਦਾਦੀ ਕੀ ਕਰਦੇ ਸਨ? ਕੀ ਉਨ੍ਹਾਂ ਨੂੰ ਮੌਜੂਦਾ ਸਥਾਨ ਤੇ ਆ ਕੇ ਵਸਣ ਦਾ ਕੋਈ ਵੱਡਾ ਲਾਭ ਹੋਇਆ ਅਤੇ ਹੋਰ ਬਹੁਤ ਕੁੱਝ।

## ਮੁਲਾਂਕਣ ਦਿਸ਼ਾ ਨਿਰਦੇਸ਼

ਇਹ ਕ੍ਰਿਆਵਾਂ ਜੋ 'ਰੋਜ਼ੀ ਰੋਟੀ' ਭਾਗ ਦੇ ਹਿੱਸੇ ਵਿੱਚ ਸੁਝਾਈਆਂ ਗਈਆਂ ਹਨ। ਇਨ੍ਹਾਂ ਤੋਂ ਉਮੀਦ ਕੀਤੀ ਜਾਂਦੀ ਹੈ ਕਿ ਇਹ ਸਿੱਖ਼ਿਆਰਥੀਆਂ ਨੂੰ ਕੰਮ ਧੰਦੇ, ਉਨ੍ਹਾਂ ਨੂੰ ਪਛਾਣਨਾ, ਆਪਣੇ ਆਪ ਨੂੰ ਪ੍ਰਗਟਾਉਣ ਲਈ ਪ੍ਰੇਰਿਤ ਕਰਨਗੀਆਂ।

ਇਕਾਈ ਨੂੰ ਪੜ੍ਹਾਉਣ ਤੋਂ ਬਾਅਦ, ਅਧਿਆਪਕ ਸ਼ੁਰੂਆਤੀ ਮੁਲਾਂਕਣ ਕਰਵਾ ਸਕਦਾ ਹੈ। ਇਹ ਜਾਣਨ ਲਈ ਕਿ ਵਿਦਿਆਰਥੀਆਂ ਨੇ ਇਕਾਈਆਂ ਜਿਵੇਂ ਰੋਜ਼ਗਾਰ, ਤਨਖ਼ਾਹ, ਲਾਭ, ਕਰਜ਼, ਬਾਜ਼ਾਰ, ਜ਼ਮੀਨ, ਵਸਤੂਆਂ ਦੀ ਪੈਦਾਵਾਰ, ਮੌਸਮ, ਵਾਤਾਵਰਣ, ਕਰਜ਼ ਉਧਾਰ ਦੇਣਾ ਅਤੇ ਉਧਾਰ ਲੈਣਾ, ਕਿਸਾਨੀ, ਫ਼ੈਕਟਰੀ, ਕਾਲ ਸੈਂਟਰ, ਯਾਤਾਯਾਤ ਅਤੇ ਮਾਈਗ੍ਰੇਸ਼ਨ ਨੂੰ ਸਮਝ ਲਿਆ ਹੈ।

ਵਿਸ਼ੇ ਨੂੰ ਪੂਰਾ ਕਰਨ ਤੋਂ ਬਾਅਦ ਤੁਸੀਂ ਦੇਖੋਗੇ ਕਿ ਸਿੱਖ਼ਣ ਦੇ ਬਹੁਤ ਸਾਰੇ ਨਤੀਜੇ ਜੋ ਕਿ ਮਡਿਊਲ ਵਿੱਚ ਸਪੱਸ਼ਟ ਤੌਰ ਤੇ ਨਹੀਂ ਦਰਸਾਏ ਗਏ ਸੀ, ਪਰੰਤੂ ਭਾਗੀਦਾਰੀ ਅਧਿਆਪਨ ਦੁਆਰਾ ਉਹ ਵੀ ਪ੍ਰਾਪਤ ਕਰ ਲਏ ਹਨ। ਜਦੋਂ ਸਿੱਖ਼ਿਆਰਥੀ ਜਾ ਕੇ ਆਪਣੇ ਸਹਿਪਾਠੀਆਂ ਨਾਲ, ਗੁਆਢੀਆਂ ਨਾਲ ਅਤੇ ਸਮੂਹ ਮੈਂਬਰਾਂ ਨਾਲ ਸਕੂਲ ਦੀਆਂ ਕਿਰਿਆਵਾਂ ਦੇ ਹਿੱਸੇ ਪੱਖੋਂ ਜੁਬਾਨੀ ਗੱਲਬਾਤ ਕਰਦੇ ਹਨ, ਅਤੇ ਸ਼ਬਦਾਂ ਤਸਵੀਰਾਂ ਦੁਆਰਾ, ਉਨ੍ਹਾਂ ਵਿੱਚ ਗੱਲਬਾਤ ਕਰਨ ਦੀ ਕਲਾ ਦਾ ਵੀ ਵਿਕਾਸ ਹੁੰਦਾ ਹੈ।


## ਸਵੈ ਪੜਚੋਲ ਲਈ ਚੈਕ ਲਿਸਟ

| ਮੈਂ ਯੋਗ ਹੋਵਾਂਗਾ | ਕੁਝ ਹੱਦ | ਵਧੀਆ | ਬਹੁਤ ਵਧੀਆ | ਉੱਤਮ |
|---|---|---|---|---|
| ਭਾਗ ਜਾਂ ਤੱਤ ਦੇ ਉਦਾਹਰਣ ਦੀ ਵਰਤੋਂ ਅਤੇ ਇਸ ਵਿੱਚ ਵਾਧਾ ਕਰਨਾ। | | | | |
| ਸਮਾਜਿਕ ਵਿਗਿਆਨ ਦੇ ਭਿੰਨ ਭਿੰਨ ਖੇਤਰਾਂ ਵਿੱਚ ਆਪਸੀ ਸਬੰਧ ਸਥਾਪਿਤ ਕਰਨਾ। | | | | |
| ਸੁਝਾਈਆਂ ਗਈਆਂ ਅਤੇ ਹੋਰ ਕਿਰਿਆਵਾਂ ਕਰਵਾਉਣਾ। | | | | |
| ਇਸਦਾ ਸਿਖਿਆਰਥੀਆਂ ਦੀ ਭਾਸ਼ਾ ਵਿੱਚ ਅਨੁਵਾਦ ਕਰਨਾ। | | | | |
| ਸਿੱਖਣ ਸਿਖਾਉਣ ਸਬੰਧੀ ਸਮਗਰੀ ਤਿਆਰ ਕਰਨਾ, ਆਡੀਓ-ਵੀਡੀਓ ਤੇ ਹੋਰ ਬਹੁਤ ਕੁੱਝ। | | | | |

ਨਮੂਨਾ - ਬਨਾਵਟੀ ਸੰਸਦ / ਅਸੈਂਬਲੀ

- ਸਪੀਕਰ ਦੇ ਸੱਜੇ ਪਾਸੇ - ਸੱਤਾਧਾਰੀ ਦਲ ਸਮੂਹ
- ਸਪੀਕਰ ਦੇ ਖੱਬੇ ਪਾਸੇ - ਵਿਰੋਧੀ ਦਲ ਸਮੂਹ
- ਮਹੱਤਵਪੂਰਨ ਨੇਤਾਵਾਂ ਦੇ ਸਭ ਤੋਂ ਅੱਗੇ ਬੈਠਣ ਲਈ ਸੀਟਾਂ (ਉਨ੍ਹਾਂ ਦੀ ਗਿਣਤੀ ਮੁਤਾਬਿਕ)






- ਮਹੱਤਵਪੂਰਨ ਨੇਤਾਵਾਂ ਨੂੰ ਅਗਲੀ ਕਤਾਰਾਂ ਦੀਆਂ ਸੀਟਾਂ (ਸੰਸਦ ਵਿੱਚ ਉਨ੍ਹਾਂ ਦੀ ਗਿਣਤੀ ਦੇ ਅਨੁਸਾਰ)
- ਖੱਬੇ ਪਾਸੇ ਦੀ ਪਹਿਲੀ ਕਤਾਰ ਵਿੱਚ ਪਹਿਲੀ ਸੀਟ - ਡਿਪਟੀ ਸਪੀਕਰ

**ਜਾਣ ਪਛਾਣ**

ਬਨਾਵਟੀ ਸੰਸਦ ਜਾਂ ਅਸੈਂਬਲੀ ਦਾ ਮੰਚਨ ਸਮਾਜਿਕ ਵਿਗਿਆਨ ਨੂੰ ਸਮਝਣ ਵਿੱਚ ਸਹਾਇਕ ਸਿੱਧ ਹੁੰਦਾ ਹੈ। ਇਹ ਸਮਾਜਿਕ ਵਿਗਿਆਨ ਵਿੱਚ ਅਸਲੀਅਤ ਦਾ ਰੰਗ ਭਰਦਾ ਹੈ। ਸਿਖਿਆਰਥੀ ਸੰਸਦ ਜਾਂ ਅਸੈਂਬਲੀ ਮੈਂਬਰ ਦੀ ਭੂਮਿਕਾ ਨਿਭਾ ਸਕਦੇ ਹਨ। ਚਾਹੇ ਉਹ ਪੋਸ਼ਾਕਾਂ ਦੀ ਵਰਤੋਂ ਨਾ ਕਰਨ, ਫਿਰ ਵੀ ਜਮਾਤ ਦੀ ਬੈਠਣ ਦੀ ਤਰਤੀਬ ਸੰਸਦ ਸੈਸ਼ਨ ਦੀ ਤਰ੍ਹਾਂ ਦੀ ਕੀਤੀ ਜਾ ਸਕਦੀ ਹੈ। ਅਜਿਹੀ ਸੰਸਦ ਦੀ ਤਿਆਰੀ ਵਜੋਂ, ਸਿੱਖਿਆਰਥੀਆਂ ਨੂੰ ਸੰਸਦ ਵਿੱਚ ਹਿੱਸਾ ਲੈਣ ਵਾਲੇ ਵੱਖ ਵੱਖ ਵਿਅਕਤੀਆਂ ਦੇ ਬਿਆਨ ਅਤੇ ਭਾਸ਼ਾਵਾਂ ਨੂੰ ਤਿਆਰ ਕਰਨ ਦੀ ਜ਼ਿੰਮੇਵਾਰੀ ਦਿੱਤੀ ਜਾ ਸਕਦੀ ਹੈ। ਜਮਾਤ ਦਾ ਇੱਕ ਪੀਰਿਅਡ ਸਮੂਹਾਂ ਦੀ ਵੰਡ ਅਤੇ ਭੂਮਿਕਾਵਾਂ ਨੂੰ ਨਿਰਧਾਰਿਤ ਕਰਨ ਲਈ ਦਿੱਤਾ ਜਾ ਸਕਦਾ ਹੈ। ਬਨਾਵਟੀ ਸੰਸਦ ਦੇ ਮੰਚਨ ਵਿੱਚ ਇੱਕ ਹੋਰ ਪੀਰਿਅਡ ਲੱਗ ਸਕਦਾ ਹੈ। ਸੰਸਦ ਸੈਸ਼ਨ ਦੇ ਮੰਚਨ ਪਿੱਛੋਂ, ਇੱਕ ਹੋਰ ਪੀਰਿਅਡ ਦੀ ਵਰਤੋਂ ਅਜਿਹੇ ਮੰਚਨ ਤੋਂ ਪ੍ਰਾਪਤ ਸਮਝ ਤੇ ਆਧਾਰਿਤ ਪ੍ਰਸ਼ਨ ਉੱਤਰਾਂ ਲਈ ਕੀਤੀ ਜਾ ਸਕਦੀ ਹੈ।

ਨੌਜਵਾਨ ਸਿੱਖਿਆਰਥੀਆਂ ਨੂੰ ਵੱਖ ਵੱਖ ਸਮਕਾਲੀ ਮੁੱਦਿਆਂ ਅਤੇ ਚਿੰਤਾਵਾਂ ਤੇ ਵਿਚਾਰ ਪੇਸ਼ ਕਰਨ ਦਾ ਮੌਕਾ ਦੇਣ ਲਈ ਅਧਿਆਪਕ ਜਮਾਤ ਵਿੱਚ ਬਨਾਵਟੀ ਸੰਸਦ ਦਾ ਪ੍ਰਬੰਧ ਕਰ ਸਕਦਾ ਹੈ। ਸਿੱਖਿਆਰਥੀ ਵੱਖ ਵੱਖ ਮੁੱਦਿਆਂ ਤੇ ਆਪਸੀ ਵਿਚਾਰ ਵਟਾਂਦਰੇ ਰਾਹੀਂ, ਦਿਮਾਗੀ ਕਸਰਤ ਰਾਹੀਂ, ਵੱਖ ਵੱਖ ਹੱਲ ਲੱਭ ਸਕਦੇ ਹਨ ਅਤੇ ਯੋਜਨਾਵਾਂ ਤਿਆਰ ਕਰ ਸਕਦੇ ਹਨ।

**ਬਨਾਵਟੀ ਸੰਸਦ ਕੀ ਹੈ?**

ਬਨਾਵਟੀ ਸੰਸਦ ਅਸਲ ਸੰਸਦ ਜਾਂ ਵਿਧਾਨ ਸਭਾ ਦੀ ਕਾਰਵਾਈ ਦੀ ਨਕਲ ਹੈ। ਭਾਰਤੀ ਸੰਸਦ ਵੈਸਟਮਿੰਸਟਰ ਦੇ ਸੰਸਦੀ ਨਮੂਨੇ ਤੇ ਆਧਾਰਿਤ ਹੈ, ਜੋ ਕਿ ਯੁਨਾਇਟਿਡ ਕਿੰਗਡਮ ਦੀ ਵੀ ਸੰਸਦ ਹੈ।

ਇਹ ਗਤੀਵਿਧੀ ਇੱਕ ਆਦਰਸ਼ ਸਿਖਿਆ ਢੰਗ ਹੈ ।ਸਿੱਖਣ ਸਿਖਾਉਣ ਦੇ ਕੁੱਝ ਮਸਲਿਆਂ ਨੂੰ ਸਮਝਣ ਅਤੇ ਉਹਨਾਂ ਦਾ ਵਰਨਣ ਕਰਨ ਲਈ, ਜਿਵੇਂ ਕਿ ਇਤਿਹਾਸ, ਭੁਗੋਲ, ਅਰਥਸ਼ਾਸ਼ਤਰ ਅਤੇ ਸਮਾਜਿਕ ਅਤੇ ਰਾਜਨੀਤਕ ਜੀਵਨ ਨੂੰ ਸਮਝਣ ਲਈ ਹੈ। ਇਹ ਢੰਗ ਦਾ ਪ੍ਰਯੋਗ ਸਮਾਜਿਕ ਬਹਿਤਰੀ ਦੇ ਲਈ ਕੀਤੀਆਂ ਜਾਣ ਵਾਲੀਆਂ ਗਤੀਵਿਧੀਆਂ ਨੂੰ, ਉਤਸ਼ਾਹਿਤ ਕਰਨ ਲਈ ਵੀ ਕੀਤਾ ਜਾ ਸਕਦਾ ਹੈ।

## ਲੋਕ ਸਭਾ ਦੇ ਬਾਰੇ ਸਧਾਰਨ ਜਾਣਕਾਰੀ

ਲ਼ੋਕ ਸਭਾ ਹਾਲ ਵਿੱਚ 550 ਮੈਬਰਾਂ ਦੇ ਬੈਠਣ ਦੀ ਵਿਵਸਥਾ (ਪ੍ਰਬੰਧ) ਹੁੰਦੀ ਹੈ। ਇਹ ਸੀਟਾਂ 6 ਬਲਾਕਾਂ ਵਿੱਚ ਲਗੀਆਂ ਹੁੰਦੀਆਂ ਹਨ। ਹਰ ਬਲਾਕ ਵਿੱਚ 11 ਕਤਾਰਾਂ ਹੁੰਦੀਆਂ ਹਨ।ਸਪੀਕਰ ਦੀ ਕੁਰਸੀ ਦੇ ਸੱਜੇ ਪਾਸੇ ਬਲਾਕ ਨੰ: 1 ਹੁੰਦਾ ਹੈ। ਖੱਬੇ ਪਾਸੇ ਬਲਾਕ ਨੰ: 6 ਹੁੰਦਾ ਹੈ। ਇਹਨਾਂ ਦੋਨਾਂ ਹੀ ਬਲਾਕਾਂ ਵਿੱਚ ਹਰੇਕ ਵਿੱਚ 97 ਸੀਟਾਂ ਹੁੰਦੀਆਂ ਹਨ।ਬਾਕੀ 4 ਬਲਾਕਾਂ ਵਿੱਚ ਹਰ ਬਲਾਕ ਵਿੱਚ 89 ਸੀਟਾਂ ਹੁੰਦੀਆਂ ਹਨ। ਲੋਕ ਸਭਾ ਦੇ ਹਰ ਮੈਂਬਰ ਨੂੰ ਇਸ ਚੈਂਬਰ ਹਾਲ ਵਿੱਚ ਇੱਕ ਸੀਟ ਦਿੱਤੀ ਜਾਂਦੀ ਹੈ।ਸਪੀਕਰ ਦੀ ਕੁਰਸੀ ਦੇ ਸੱਜੇ ਪਾਸੇ ਵਾਲੀਆਂ ਸੀਟਾਂ ਸੱਤਾ ਧਾਰੀ ਪਾਰਟੀ ਨੂੰ ਦਿੱਤੀਆਂ ਜਾਂਦੀਆਂ ਹਨ।ਖੱਬੇ ਪਾਸੇ ਵਾਲੀਆਂ ਸੀਟਾਂ ਵਿਰੋਧੀ ਪਾਰਟੀ ਜਾਂ ਧਿਰਾਂ ਨੂੰ ਦਿੱਤੀਆਂ ਜਾਦੀਆਂ ਹਨ। ਡਿਪਟੀ ਸਪੀਕਰ ਖੱਬੇ ਪਾਸੇ ਦੀ ਪਹਿਲੀ ਕਤਾਰ ਦੀ ਪਹਿਲੀ ਸਾਹਮਣੇ ਵਾਲੀ ਕੁਰਸੀ ਤੇ ਬੈਠਦਾ ਹੈ।ਸੀਟਾਂ ਪਾਰਟੀ ਦੇ ਮੈਬਰਾਂ ਦੀ ਗਿਣਤੀ ਅਨੁਸਾਰ ਐਲਾਨ ਕੀਤੀਆਂ ਜਾਦੀਆਂ ਹਨ ਅਤੇ ਸਪੀਕਰ ਦੇ ਵਿਵੇਕ ਅਨੁਸਾਰ, ਮੈਬਰਾਂ ਦੇ ਬਹੁਤ ਸੀਨੀਅਰ ਜਾ ਮਹੱਤਵਪੂਰਨ, ਹੋਣ ਤੇ; ਭਾਵੇ ਉਸ ਪਾਰਟੀ ਦੇ ਮੈਬਰਾਂ ਦੀ ਗਿਣਤੀ ਘੱਟ ਹੋਵੇ ਜਾਂ ਆਜ਼ਾਦ ਮੈਂਬਰ ਹੋਣ ਤੇ ਸੀਟਾਂ ਦੀ ਅਲਾਟਮੈਂਟ ਕੀਤੀ ਜਾਂਦੀ ਹੈ।

## ਮਹੱਤਵਪੂਰਨ ਸ਼ਬਦਾਵਲੀ-ਝਲਕ ਅਤੇ ਵਿਚਾਰ

**ਲੋਕ ਸਭਾ**(ਲੋਕਾਂ ਦਾ ਘਰ ਵੀ ਕਿਹਾ ਜਾਂਦਾ ਹੈ- ਸੰਸਦ ਦਾ ਹੇਠਲਾ ਸਦਨ ਹੈ)- ਲੋਕ ਸਭਾ ਦੇ ਮੈਬਰਾਂ ਦੀ ਚੋਣ ਬਾਲਗ ਮੱਤ ਅਧਿਕਾਰ ਅਨੁਸਾਰ ਆਪਣੇ-ਆਪਣੇ ਚੋਣ ਖੇਤਰਾਂ ਦੇ ਪ੍ਰਤੀਨਿਧੀ ਚੁਣਨ ਲਈ ਕੀਤੀ ਜਾਂਦੀ ਹੈ। ਲੋਕ ਸਭਾ ਦਾ ਗਠਨ ਆਮ ਚੋਣਾਂ ਤੋਂ ਬਾਅਦ ਕੀਤਾ ਜਾਂਦਾ ਹੈ ਅਤੇ ਇਹ ਪੰਜ ਸਾਲ ਜਾਂ ਮੰਤਰੀ ਪ੍ਰੀਸ਼ਦ ਦੀ ਸਲਾਹ ਤੇ ਰਾਸ਼ਟਰਪਤੀ ਦੁਆਰਾ ਸਰਕਾਰ ਭੰਗ ਕੀਤੇ ਜਾਣ ਤੱਕ ਕੰਮ ਕਰਦੀ ਹੈ।

**ਸਪੀਕਰ–** ਇਹ ਲੋਕ ਸਭਾ ਦਾ ਸੰਚਾਲਨ ਕਰਨ ਦੇ ਲਈ ਪ੍ਰੀਜਾਈਡਿੰਗ ਅਫਸਰ ਹੁੰਦਾ ਹੈ।

**ਲੋਕ ਸਭਾ ਦਾ ਲੀਡਰ–**ਭਾਰਤੀ ਸੰਸਦ ਦਾ ਹੇਠਲੇ ਸਦਨ ਦਾ ਲੀਡਰ, ਸੁਭਾਵਿਕ ਤੌਰ ਤੇ ਪ੍ਰਧਾਨ ਮੰਤਰੀ ਹੀ ਹੁੰਦਾ ਹੈ ਜੇ ਉਹ ਲੋਕ ਸਭਾ ਦਾ ਮੈਂਬਰ ਹੋਵੇ।ਜੇ ਪ੍ਰਧਾਨ ਮੰਤਰੀ ਸੰਸਦ ਦੇ ਹੇਠਲੇ ਸਦਨ ਦਾ ਮੈਂਬਰ ਨਾ ਹੋਵੇ ਤਾਂ ਉਹ ਕਿਸੇ ਹੋਰ ਮੰਤਰੀ ਨੂੰ ਸਦਨ ਦਾ ਮੈਂਬਰ ਨਾਮਜਦ ਕਰ ਸਕਦਾ ਹੈ।

**ਵਿਰੋਧੀ ਧਿਰ ਦਾ ਨੇਤਾ–** ਉਹ ਮੈਂਬਰ ਜੋ ਦਫਤਰੀ ਤੌਰ ਭਾਰਤੀ ਸੰਸਦ ਦੇ ਕਿਸੇ ਵੀ ਸਦਨ ਵਿੱਚ ਵਿਰੋਧੀ ਧਿਰ ਦਾ ਨੇਤਾ ਹੋਵੇ। ਜਿਸ ਪਾਰਟੀ ਦੇ ਮੈਬਰਾਂ ਨੇ 55 ਸੀਟਾਂ (10ਪ੍ਰਤੀਸ਼ਤ) ਲੋਕ ਸਭਾ ਦੀਆਂ ਸੀਟਾਂ ਵਿੱਚੋਂ ਪ੍ਰਾਪਤ ਕਰ ਲਈਆਂ ਹੋਣ ਜਾਂ ਇਸ ਤੋਂ ਜ਼ਿਆਦਾ ਕਰ ਲਈਆਂ ਹੋਣ ਉਸ ਪਾਰਟੀ ਦੇ ਨੇਤਾ ਨੂੰ ਇਹ ਅਹੁਦਾ ਦਫਤਰੀ ਤੌਰ ਤੇ ਦਿੱਤਾ ਜਾਂਦਾ ਹੈ।

**ਪ੍ਰਸ਼ਨ ਘੰਟਾ–**ਲੋਕ ਸਭਾ ਵਿੱਚ ਹਰ ਦਿਨ ਦੀ ਸਭਾ ਦਾ ਪਹਿਲਾ ਘੰਟਾ ਪ੍ਰਸ਼ਨ ਘੰਟਾ ਅਖਵਾਉਂਦਾ ਹੈ। ਪ੍ਰਸ਼ਨ ਘੰਟੇ ਦੇ ਦੌਰਾਨ ਮੈਂਬਰ, ਮੰਤਰੀਆਂ ਤੋਂ ਪ੍ਰਬੰਧ ਅਤੇ ਸਰਕਾਰੀ ਨੀਤੀਆਂ ਨਾਲ ਸਬੰਧਿਤ ਪ੍ਰਸ਼ਨ ਪੁੱਛ ਸਕਦੇ ਹਨ।ਹਰ ਉਸ ਮੰਤਰੀ ਨੂੰ ਜਿਸ ਦੀ ਵਾਰੀ ਹੋਵੇ ਉਸਨੇ ਉੱਤਰ ਦੇਣੇ ਹੁੰਦੇ ਹਨ।

ਹਰ ਮੰਤਰੀ ਜਿਸਦੀ ਉੱਤਰ ਦੇਣ ਦੀ ਵਾਰੀ ਹੁੰਦੀ ਹੈ ਨੂੰ ਖ਼ੜ੍ਹੇ ਹੋ ਕੇ ਆਪਣੇ ਮਹਿਕਮੇ ਦੇ ਕੰਮਾਂ ਅਤੇ ਘਾਟਿਆਂ ਬਾਰੇ, ਜਿਹੋ ਜਿਹਾ ਕੇਸ ਹੋਵੇ, ਜਵਾਬ ਦੇਣਾ ਪੈਂਦਾ ਹੈ।

**ਜ਼ੀਰੋ ਆਵਰ–** ਪ੍ਰਸ਼ਨ ਘੰਟਾ ਤੋਂ ਤੁਰੰਤ ਬਾਅਦ ਦਾ ਸਮਾਂ ਜ਼ੀਰੋ ਆਵਰ ਅਖ਼ਵਾਉਂਦਾ ਹੈ, ਕਿਉਂਕਿ ਇਹ ਦੁਪਹਿਰ ਦੇ 12 ਵਜੇ ਦੇ ਆਸ ਪਾਸ ਸ਼ੁਰੂ ਹੁੰਦਾ ਹੈ। ਸਪੀਕਰ ਨੂੰ ਪਹਿਲਾਂ ਨੋਟਿਸ ਦੇ ਕੇ, ਇਸ ਸਮੇਂ ਦੌਰਾਨ, ਮੈਂਬਰ ਮਹੱਤਵਪੂਰਨ ਮੁੱਦੇ ਉਠਾ ਸਕਦੇ ਹਨ।

**ਮੁੱਦਾ ਨੰ. 1**

**ਵਿਸ਼ਾ:–** ਸੱਭਿਆਚਾਰਕ ਵਿਰਾਸਤ ਅਤੇ ਜਾਗਰੂਕਤਾ

**ਵਿਰੋਧੀ ਧਿਰ:– ਪ੍ਰਸ਼ਨ:–**ਕੀ ਸਰਕਾਰ ਇਸ ਤੋਂ ਗੱਲ ਜਾਣੂ ਹੈ ਕਿ ਸਾਡੇ ਇਤਿਹਾਸਿਕ ਸਮਾਰਕ / ਇਮਾਰਤਾਂ ਨਸ਼ਟ ਹੋ ਰਹੀਆਂ ਹਨ?

ਕੀ ਮੌਜੂਦਾ ਸਖ਼ਤ ਕਾਨੂੰਨ ਜਾਣ ਬੁੱਝ ਕੇ ਜਾਂ ਅਣਜਾਣੇ ਵਿੱਚ ਕੀਤੀ ਜਾ ਰਹੀ ਤਬਾਹੀ ਜਾਂ ਅਣਗਿਹਲੀ ਨੂੰ ਦੇਖ ਸਕਦੇ ਹਨ?

ਲੋਕਾਂ ਨੂੰ ਸੱਭਿਆਚਾਰਕ ਵਿਰਾਸਤ ਪ੍ਰਤੀ ਜਾਗਰੂਕ ਕਰਨ ਲਈ ਕੀ ਕੀਤਾ ਜਾਣਾ ਚਾਹੀਦਾ ਹੈ?

**ਮੰਤਰੀ ਦਾ ਜਵਾਬ** :- ਅਸੀਂ ਇਸ ਗੱਲ ਤੋਂ ਜਾਣੂ ਹਾਂ ਕਿ ਸਾਡੇ ਇਤਿਹਾਸਿਕ ਸੋਮੇ ਜਾਂ ਸ੍ਰੋਤ ਕਮਜ਼ੋਰ ਹਨ। ਇਤਿਹਾਸਿਕ ਸਥਾਨ / ਸਮਾਰਕ,ਇਮਾਰਤਾਂ ਨੂੰ ਕਈ ਤਰ੍ਹਾਂ ਨਾਲ ਖ਼ਰਾਬ ਕੀਤਾ ਜਾਂਦਾ ਹੈ, ਜਾਣ ਬੁੱਝ ਕੇ ਕੀਤੀ ਭੰਨ-ਤੋੜ ਤੋਂ ਲੈ ਕੇ ਸਾਡੀਆਂ ਇਮਾਰਤਾਂ ਦੀਆਂ ਦੀਵਾਰਾਂ ਤੇ ਲਿਖ਼ਣ ਤੱਕ। ਜ਼ਿਆਦਾਤਰ ਲੋਕ ਸਾਡੇ ਵਿਰਸੇ ਦੀ ਮਹੱਤਤਾ ਤੋਂ ਅਣਜਾਣ ਹਨ।

ਸਾਡੇ ਕੋਲ ਇਸ ਸਬੰਧ ਵਿੱਚ ਪਹਿਲਾਂ ਹੀ ਕਈ ਕਾਨੂੰਨ ਹਨ। ਪਰ ਕਿਸੇ ਵਿਦਵਾਨ ਨੇ ਸਹੀ ਕਿਹਾ ਹੈ ਕਿ ਵਿਰਸੇ ਦੀ ਦੁਰਵਰਤੋਂ ਅਤੇ ਉਸ ਨੂੰ ਮਾੜਾ ਕਹਿਣ ਨੂੰ ਕਾਨੂੰਨ ਰਾਂਹੀ ਖ਼ਤਮ ਨਹੀਂ ਕੀਤਾ ਜਾ ਸਕਦਾ। ਬਲਕਿ ਆਮ ਜਨਤਾ ਵਿੱਚ ਸਾਖ਼ਰਤਾ ਰਾਂਹੀ ਜਾਗਰੂਕਤਾ ਪੈਦਾ ਕਰਕੇ ਹੀ ਖ਼ਤਮ ਕੀਤਾ ਜਾ ਸਕਦਾ ਹੈ। ਇੱਕ ਸਭ ਤੋਂ ਪ੍ਰਭਾਵਸ਼ਾਲੀ ਤਾਕਤ, ਜੋ ਕਿ ਅੱਜ ਦੀ ਜਨਤਾ ਤੇ ਪ੍ਰਭਾਵ ਪਾ ਸਕਦੀ ਹੈ, ਉਹ ਹਨ ਉਨ੍ਹਾਂ ਦੇ ਬੱਚੇ, ਜੋ ਕਿ ਆਪਣੇ ਆਉਣ ਵਾਲੇ ਕੱਲ ਦੀ ਆਮ ਜਨਤਾ ਹੈ। ਬੱਚਿਆਂ ਨੂੰ ਇਨ੍ਹਾਂ ਸਾਧਨਾਂ ਪ੍ਰਤੀ ਜਾਣੂੰ ਕਰਵਾ ਕੇ ਨਾ ਸਿਰਫ਼ ਜਾਣਕਾਰੀ ਪ੍ਰਾਪਤ ਜਨਤਾ ਬਣਾਉਣ ਵਿੱਚ ਮੱਦਦ ਮਿਲੇਗੀ, ਪਰੰਤੂ ਅਪ੍ਰਤੱਖ਼ ਰੂਪ ਵਿੱਚ ਮਾਪਿਆਂ ਦੇ ਸਰਪ੍ਰਸਤਾਂ ਨੂੰ ਸਿੱਖ਼ਿਅਤ ਕੀਤਾ ਜਾ ਸਕੇਗਾ ਅਤੇ ਹੋਣ ਵਾਲੇ ਨੁਕਸਾਨ ਅਤੇ ਲੁੱਟਾਂ ਨੂੰ ਘੱਟ ਕੀਤਾ ਜਾ ਸਕਦਾ ਹੈ ਅਤੇ ਉਨ੍ਹਾਂ ਨੂੰ ਇਨ੍ਹਾਂ ਨੂੰ ਬਚਾਉਣ ਲਈ ਪ੍ਰੇਰਿਤ ਕੀਤਾ ਜਾ ਸਕਦਾ ਹੈ। ਸਾਡੇ ਬੱਚਿਆਂ ਨੂੰ ਅਲੱਗ-ਅਲੱਗ ਇਤਿਹਾਸਿਕ ਸਮਾਰਕਾਂ ਬਾਰੇ ਸਾਡੀਆਂ ਪਾਠ ਪੁਸਤਕਾਂ ਵਿੱਚ ਪੜ੍ਹਾਇਆ ਜਾਂਦਾ ਹੈ ਅਤੇ ਕਈ ਵਾਰ ਉਨ੍ਹਾਂ ਨੂੰ ਖ਼ੇਤਰ ਵਿੱਚ ਇਨ੍ਹਾਂ ਸਥਾਨਾਂ ਦੀ ਯਾਤਰਾ ਕਰਵਾਈ ਜਾਂਦੀ ਹੈ। ਅਸੀਂ "ਵਿਰਾਸਤੀ ਹਫ਼ਤਾ" ਦੌਰਾਨ ਕੁੱਝ ਕੰਮ ਜੋ ਇਸ ਨਾਲ ਜੁੜੇ ਹਨ, ਕਰ ਰਹੇ ਹਾਂ, ਪਰ ਇਸ ਤੋਂ ਇਲਾਵਾ ਸਿੱਖ਼ਿਆ ਦੇ ਮਾਮਲੇ ਵਿੱਚ ਅਸੀਂ ਜ਼ਿਆਦਾ ਕਾਮਯਾਬ ਨਹੀਂ ਹੋਏ ਹਾਂ, ਆਪਣੀ ਨੌਜਵਾਨ ਪੀੜ੍ਹੀ ਨੂੰ ਸਾਡੇ ਅਮੀਰ ਵਿਰਸੇ ਤੋਂ ਜਾਣੂੰ ਕਰਵਾਉਣ ਲਈ ASI ਅਤੇ ਹੋਰ ਕਈ ਅਜਾਇਬ-ਘਰ ਵਿਦਿਆਰਥੀਆਂ ਨੂੰ ਆਪਣੇ ਵਿਰਸੇ ਪ੍ਰਤੀ ਜਾਗਰੂਕ ਕਰਨ ਅਤੇ ਇਸਦੇ ਪ੍ਰਤੀ ਸੰਵੇਦਨਸ਼ੀਲ ਬਣਾਉਣ ਲਈ ਕੁੱਝ ਪ੍ਰੋਗਰਾਮ ਕਰਵਾਉਂਦੇ ਹਨ।ਇਹ ਮਾਮੂਲੀ ਨਿਯਮ ਅਤੇ ਇੱਕਲੇ ਪ੍ਰਯਾਸ ਇੰਨੀ ਵੱਡੀ ਵਿਦਿਆਰਥੀਆਂ ਦੀ ਜਨਸੰਖ਼ਿਆ ਨੂੰ ਜਾਗਰੂਕ ਕਰਨ ਅਤੇ ਸੱਭਿਆਚਾਰਕ ਵਿਰਸੇ ਦੀ ਸੰਭਾਲ ਲਈ ਕੁੱਝ ਵੀ ਨਹੀਂ ਹਨ।ਸਰਕਾਰੀ ਅਜਾਇਬ-ਘਰ, ਵਿੱਦਿਅਕ ਸੰਸਥਾਵਾਂ ਅਤੇ ਨਾਗਰਿਕਾਂ ਦੇ ਸਮੂਹ ਸਭ ਨੂੰ ਇਸ ਮਸਲੇ ਤੇ ਇੱਕਠੇ ਹੋ ਕੰਮ ਕਰਨ ਦੀ ਲੋੜ ਹੈ ਕਿਉਂਕਿ ਇੱਕਲੇ ਇੱਕਲੇ ਯਤਨ ਜਾਗਰੂਕਤਾ ਪੈਦਾ ਕਰਨ ਦੇ ਯੋਗ ਨਹੀਂ ਹਨ।

ਸਾਰੇ ਲਾਭ ਪ੍ਰਾਪਤੀਆਂ ਨੂੰ ਸਾਡੇ ਵਿਰਸੇ ਦੇ ਵਿਸ਼ੇ ਵਿੱਚ ਸਿੱਖਿਆ ਦੇਣ ਲਈ ਮਿਲ-ਜੁਲ ਕੇ ਸਹਿਯੋਗ ਦਿੰਦੇ ਹੋਏ ਮਹੱਤਵਪੂਰਨ ਭੂਮਿਕਾ ਨਿਭਾਉਣ ਦੀ ਲੋੜ ਹੈ। ਵਿਰਸੇ ਦੀ ਸਿੱਖਿਆ ਨੂੰ ਬੱਚਿਆਂ ਦੀ ਸਿੱਖਣ ਪ੍ਰਣਾਲੀ ਦਾ ਅਟੁੱਟ ਹਿੱਸਾ ਬਣਾਉਣਾ ਚਾਹੀਦਾ ਹੈ। ਇਸ ਤਰ੍ਹਾਂ ਵਿਦਿਆਰਥੀਆਂ ਨੂੰ ਨਾ ਸਿਰਫ ਇਤਿਹਾਸ ਤੇ ਸਮਾਜ ਨੂੰ ਸਮਝਣ ਵਿੱਚ ਮਦਦ ਮਿਲੇਗੀ, ਬਲਕਿ ਉਨ੍ਹਾਂ ਵਿੱਚ ਸਨਮਾਨ ਅਤੇ ਆਦਰ ਦਾ ਭਾਵ ਵੀ ਪੈਦਾ ਹੋਵੇਗਾ ਅਤੇ ਉਹ ਆਉਣ ਵਾਲੀਆਂ ਪੀੜ੍ਹੀਆਂ ਦੇ ਲਈ ਸਾਡੀ ਵਿਰਾਸਤ ਨੂੰ ਸੁਰੱਖਿਅਤ ਰੱਖਣ ਦੀ ਖਾਸ ਕੋਸ਼ਿਸ਼ ਕਰਨਗੇ।

**ਮੁੱਦਾ ਨੰ. 2**

**ਵਿਸ਼ਾ – ਜੰਗਲ ਦੇ ਬਚਾਅ ਲਈ ਚਿੰਤਾ**
**ਵਿਰੋਧੀ ਨੇਤਾ – ਪ੍ਰਸ਼ਨ**

ਕੀ ਭਾਰਤ ਸਰਕਾਰ ਨੇ ਭਾਰਤ ਵਿੱਚ ਜੰਗਲ ਦੇ ਬਚਾਅ ਲਈ ਕੋਈ ਪਹਿਲ ਕੀਤੀ ਹੈ?

ਜੇਕਰ ਹਾਂ, ਤਾਂ ਸਰਕਾਰ ਦੁਆਰਾ ਕਿਹੜੀਆਂ ਕੋਸ਼ੀਸ਼ਾਂ ਕੀਤੀਆਂ ਗਈਆਂ ਹਨ?

**ਮੰਤਰੀ – ਉੱਤਰ ( ਵਾਤਾਵਰਨ, ਜੰਗਲਾਤ ਤੇ ਮੌਸਮ ਮੰਤਰਾਲਾ)**

ਭਾਰਤ ਵਿੱਚ ਜੰਗਲ ਦੇ ਬਚਾਅ ਨੂੰ ਵਧਾਉਣ ਲਈ, ਰਾਸ਼ਟਰੀ ਵਣਾਰੋਪਣ ਕਾਰਿਆਕ੍ਰਮ (ਐਨ.ਏ.ਪੀ.) ਅਤੇ ਗ੍ਰੀਨ ਇੰਡੀਆ ਮਿਸ਼ਨ (ਜੀ.ਆਈ.ਐਮ.) ਵਰਗੀ ਕਈ ਕੇਂਦਰੀ ਯੋਜਨਾਵਾਂ ਦੇ ਅਧੀਨ ਜੰਗਲ ਲਗਾਉਣ ਦਾ ਕੰਮ ਕੀਤਾ ਜਾ ਰਿਹਾ ਹੈ। ਇਨ੍ਹਾਂ ਯੋਜਨਾਵਾਂ ਨੂੰ ਵਾਤਾਵਰਨ, ਜੰਗਲਾਤ ਤੇ ਮੌਸਮ ਮੰਤਰਾਲਾ ਦੁਆਰਾ ਲਾਗੂ ਕੀਤਾ ਗਿਆ ਹੈ। ਜੀ.ਆਈ.ਐਮ. ਦਾ ਟੀਚਾ ਭਾਰਤ ਦੇ ਜੰਗਲੀ ਖੇਤਰ ਦੀ ਰੱਖਿਆ ਕਰਨਾ, ਬਹਾਲ ਕਰਨਾ ਅਤੇ ਵਧਾਉਣਾ ਅਤੇ ਜਲਵਾਯੂ ਬਦਲਾਅ ਦੇ ਪ੍ਰਤੀ ਹੁੰਗਾਰਾ ਦੇਣਾ ਹੈ। ਐਨ.ਏ.ਪੀ. ਲੋਕਾਂ ਰਾਹੀਂ ਦਰਖਤ ਲਗਾਏ ਜਾਣ ਸਬੰਧਤ ਇੱਕ ਯੋਜਨਾ ਹੈ। ਵੱਖ ਵੱਖ ਯੋਜਨਾਵਾਂ ਕਾਰਨ ਹੀ ਦੇਸ਼ ਵਿੱਚ ਜੰਗਲਾਂ ਅਤੇ ਦਰਖਤਾਂ ਦੇ ਖੇਤਰ ਵਿੱਚ ਵਾਧਾ ਹੋਇਆ ਹੈ।

**ਮੁੱਦਾ ਨੰ.** 3

**ਵਿਸ਼ਾ – ਖੇਤੀਬਾੜੀ**

**ਪ੍ਰਸ਼ਨ –** ਕੀ ਦੂਸਰੇ ਦੇਸ਼ਾਂ ਦੇ ਮੁਕਾਬਲੇ ਸਾਡੇ ਦੇਸ਼ ਵਿੱਚ ਖੇਤੀ ਉਤਪਾਦਨ ਘਟ ਹੈ? ਜੇਕਰ ਇਸ ਤਰ੍ਹਾਂ ਹੈ ਤਾਂ ਕਿਰਪਾ ਕਰਕੇ ਵੇਰਵੇ ਪ੍ਰਦਾਨ ਕਰੋ।

**ਉੱਤਰ –** ਭਾਰਤ ਵਿੱਚ ਖੇਤੀਬਾੜੀ ਖੇਤਰ ਵਿੱਚ ਫਸਲਾਂ ਦਾ ਉਤਪਾਦਨ ਕਈ ਦੇਸ਼ਾਂ ਦੀ ਤੁਲਨਾ ਵਿੱਚ ਜ਼ਿਆਦਾ ਹੈ। ਭਾਰਤ ਨੇ ਵੱਖ ਵੱਖ ਫਸਲਾਂ ਦੇ ਉਤਪਾਦਨ ਦੇ ਵੱਧਦੇ ਪੱਧਰਾਂ ਵਿੱਚ ਵਰਣਨਯੋਗ ਤਰੱਕੀ ਕੀਤੀ ਹੈ, ਜੋ ਕਿ ਪਿੱਛਲੇ ਪੰਜ ਦਹਾਕਿਆਂ ਦੇ ਸਮੇਂ ਤਿੰਨ ਗੁਣਾ ਵੱਧ ਗਈ ਹੈ। ਖੇਤੀਬਾੜੀ ਉਤਪਾਦਨ ਵਿੱਚ ਵਾਧੇ ਨਾਲ ਮੁੱਖ ਰੂਪ ਵਿੱਚ ਕੁੱਲ 275.68 ਕਰੋੜ ਟਨ ਅੰਨ ਉਤਪਾਦਨ ਹੋਇਆ ਹੈ। ਇਸ ਨਾਲ ਨਾ ਸਿਰਫ ਕਿਸਾਨਾਂ ਦੀ ਆਰਥਿਕ ਉੱਨਤੀ ਕਰ ਜੀਵਨ ਵਿੱਚ ਸੁਧਾਰ ਹੋਇਆ ਹੈ, ਨਾਲ ਹੀ ਦੇਸ਼ ਦੀ ਅੰਨ ਅਤੇ ਪੋਸ਼ਨ ਸੁਰੱਖਿਆ ਵੀ ਨਿਰਧਾਰਿਤ ਕੀਤੀ ਹੈ।

**ਪ੍ਰਸ਼ਨ –** ਕੀ ਮਹਿਲਾ ਕਿਸਾਨਾਂ ਨੂੰ ਸ਼ਨਾਖਤੀ ਪੱਤਰ ਦੇਣ ਬਾਰੇ ਕੋਈ ਪ੍ਰਸਤਾਵ ਹੈ, ਤਾਂ ਜੋ ਉਹਨਾਂ ਨੂੰ ਆਜ਼ਾਦ ਕਿਸਾਨਾਂ ਦੇ ਰੂਪ ਵਿੱਚ ਮਾਨਤਾ ਦਿੱਤੀ ਜਾ ਸਕੇ? ਜੇਕਰ ਅਜਿਹਾ ਹੈ ਤਾਂ ਕਿਰਪਾ ਕਰਕੇ ਵੇਰਵੇ ਦਵੋ।

**ਉੱਤਰ –** 2011 ਦੀ ਭਾਰਤ ਦੀ ਮਰਦਮਸ਼ੁਮਾਰੀ ਵਿੱਚ ਮਹਿਲਾ ਕਿਸਾਨਾਂ ਨੂੰ ਪਹਿਲਾਂ ਹੀ ਕਾਸ਼ਤਕਾਰਾਂ ਵਜੋਂ ਮਾਨਤਾ ਪ੍ਰਾਪਤ ਹੈ। ਉਹਨਾਂ ਨੂੰ ਸ਼ਾਮਿਲ ਕੀਤਾ ਜਾ ਚੁੱਕਿਆ ਹੈ ਅਤੇ ਕਾਸ਼ਤਕਾਰਾਂ ਦੀ ਕੁੱਲ ਸੰਖਿਆ ਵਿੱਚ ਉਹ ਮੌਜੂਦ ਹਨ।

ਸਰਕਾਰ ਕੋਲ ਮਹਿਲਾ ਕਿਸਾਨਾਂ ਨੂੰ ਅਲਗ ਪਹਿਚਾਣ ਪੱਤਰ ਦੇਣ ਸਬੰਧੀ ਕੋਈ ਪ੍ਰਸਤਾਵ ਨਹੀਂ ਹੈ।

ਸਿੱਖਿਆਰਥੀ ਸੱਤਾਧਾਰੀ ਦਲ ਅਤੇ ਵਿਰੋਧੀ ਦਲ ਦੇ ਸਮੂਹ ਬਣਾ ਸਕਦੇ ਹਨ, ਜਿਸ ਵਿੱਚ ਵਿਰੋਧੀ ਦਲ ਦਾ ਇੱਕ ਮੈਂਬਰ ਇਹ ਪ੍ਰਸ਼ਨ ਕਰੇਗਾ ਅਤੇ ਸੱਤਾਧਾਰੀ ਦਲ ਦੇ ਮੈਂਬਰ ਇਹਨਾਂ ਦੇ ਉੱਤਰ ਦੇਣਗੇ ਅਤੇ ਹਰ ਕੋਈ ਇਸ ਚਰਚਾ ਵਿੱਚ ਹਿੱਸਾ ਲਏਗਾ। ਅਧਿਆਪਕ, ਸਿੱਖਿਆਰਥੀ ਦੇ ਗਿਆਨ ਅਤੇ ਮੁੱਦਿਆਂ ਦੇ ਬਾਰੇ ਉਨ੍ਹਾਂ ਦੀ ਸਮਝ, ਵਿਚਾਰ ਪੇਸ਼ ਕਰਨ ਦੀ ਸਮਰੱਥਾ ਅਤੇ ਉਨ੍ਹਾਂ ਵਿੱਚਲਾ ਆਪਸੀ ਸਹਿਯੋਗ ਦਾ ਨਿਰੀਖਨ ਅਤੇ ਵਿਸ਼ਲੇਸ਼ਨ ਕਰ ਸਕਦਾ ਹੈ।

**References:**


Learning Outcomes at the Elementary Stage 2017. NCERT, New Delhi.

Manual for In-service Education of Teachers and Teacher Educators of Social Sciences.Upper Primary and Secondary Stage, 2017–18, Department of Education in Social Sciences, NCERT, New Delhi.

Our Pasts – I: Textbook in History for Class VI, 2019. NCERT, New Delhi.

Our Pasts – II: Textbook in History for Class VII, 2019. NCERT, New Delhi.

Syllabus for Classes at the Elementary Level National Curriculum Framework– 2005, Vol.I, 2006 NCERT, New Delhi.

Social and Political Life – I: Textbook for Class VI, 2019. NCERT, New Delhi.

The Earth Our Habitat Geography Textbook for Class VI 2019. NCERT, New Delhi.